# ਅੰਮ੍ਰਿਤ ਕੀਰਤਨ


ਅਪਰੈਲ 2013



ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ–ਕਾਫ਼ੀਆਂ

## ਜ

ਜੋੜ ਹੱਥ ਤੇ ਸਿਮਰ ਸੁਆਮੀ
ਆਖਰ ਉਹੀ ਬਚਾਵੇ ਹੂ।

ਪੱਤਝੜ ਦੀ ਜਦ ਰੁੱਤ ਹੈ ਆਂਦੀ
ਨ ਰਹਿੰਦੇ ਸੁੱਕੇ ਸਾਵੇ ਹੂ।

ਮੌਤ ਹਨੇਰੀ ਸਭਨ ਉਡਾਵੇ
ਨੰਨ੍ਹੇ ਮੰਝੇ ਬਾਲੇ ਹੂ।

ਸੰਤੋਖ ਪ੍ਰਭੂ ਨੂੰ ਜੱਪ ਲੈ ਬੰਦੇ
ਆਖਿਰ ਸਨਮੁਖ ਜਾਵੇ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**
**ਡਾ. ਜਾਗੀਰ ਸਿੰਘ**
**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ**

**ਸਹਿਯੋਗੀ**
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**
**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਅਵਰ ਉਪਦੇਸੈ ਆਪਿ ਨ ਕਰੈ 5

ਕੀਰਤਨ ਦੀ ਮਹਾਨਤਾ : ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿੱਚ
ਸੰਦੀਪ ਕੌਰ ਬਰਾੜ 7

ਜੀਵਨ ਵਿਚ ਸੰਗੀਤ ਦਾ ਮਹੱਤਵ
ਪ੍ਰੋ. ਕਰਤਾਰ ਸਿੰਘ ਬਡੂੰਗਰ 11

ਸੀਸ ਦੀਆ ਪਰ ਸਿਰਰੁ ਨਾ ਦੀਆ
ਕਰਮ ਸਿੰਘ ਰਤਨ 15

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ॥
ਸੁਖਵਿੰਦਰ ਸਿੰਘ ਸਾਗਰ 19

ਗੁਰਮਤਿ ਸੰਗੀਤ ਰਚਨਾਕਾਰ ਡਾ. ਜਾਗੀਰ ਸਿੰਘ
ਡਾ. ਗੁਰਨਾਮ ਸਿੰਘ 23

ਸੁਰ ਲਿਪੀ - ਰਾਗ ਕਲਿਆਣ 25
ਡਾ. ਜਾਗੀਰ ਸਿੰਘ


**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

## ✉ ਮਿਤ੍ਰ ਅਸਾਡੜੇ ਸੇਈ

ਮਾਰਚ ਦੇ ਅੰਮ੍ਰਿਤ ਕੀਰਤਨ ਵਿਚ ਕਰਮ ਸਿੰਘ ਰਤਨ ਜੀ ਦਾ ਲੇਖ 'ਸੀਸ ਦੀਆਂ ਪਰ ਸਿਰਰੁ ਨਾ ਦੀਆ' ਅਤੇ ਬੀਬੀ ਸਾਮੰਤ ਕੌਰ ਜੀ ਦਾ ਲੇਖ ਪਸੰਦ ਆਇਆ।

ਐੱਮ. ਐੱਸ. ਸਚਦੇਵਾ, ਮੋਬਾਇਲ : 93576 99036

ਮਾਰਚ ਅੰਕ ਵਿਚ ਪ੍ਰੋ: ਕਰਤਾਰ ਸਿੰਘ ਬਡੂੰਗਰ ਦਾ ਲੇਖ 'ਜੀਵਨ ਵਿਚ ਸੰਗੀਤ ਦਾ ਮਹੱਤਵ' ਅਤੇ ਡਾ. ਜਾਗੀਰ ਸਿੰਘ ਜੀ ਦੀ ਸੁਰ ਲਿਪੀ ਚੰਗੀ ਲੱਗੀ।

ਸੰਤ ਮੁਕੰਦ ਸਿੰਘ, ਮਲੋਟ

ਮਾਰਚ ਅੰਕ ਪਸੰਦ ਆਇਆ। ਪਰ ਆਪ ਨੇ ਮੇਰੇ ਵੱਲੋਂ ਸੰਤ ਮੁਕੰਦ ਸਿੰਘ ਜੀ ਬਾਰੇ ਲਿਖਿਆ ਲੇਖ ਠੀਕ ਤਰ੍ਹਾਂ ਨਹੀਂ ਛਾਪਿਆ। ਅੱਗੋਂ ਤੋਂ ਧਿਆਨ ਰੱਖਣਾ ਜੀ। ਇਕ ਖੁਸ਼ੀ ਦੀ ਖਬਰ ਹੈ ਕਿ ਦਾਸ ਦੇ ਰਾਗੀ ਜੱਥੇ ਨੂੰ ਫਰਵਰੀ ਵਿਚ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਵੱਲੋਂ ਕਰਵਾਏ ਕੀਰਤਨ ਦਰਬਾਰ ਵਿਚ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜੀ।

ਮੰਗਤ ਸਿੰਘ ਮਸਤਾਨਾ , ਮੋਬਾਇਲ : 9779447365


ਅਕਾਲ ਸਹਾਇ॥

# ਕੇਂਦਰੀ ਸ੍ਰੀ ਗੁਰੂ ਸਿੰਘ ਸਭਾ

**ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ,ਪਲਾਟ ਨੰ.1, ਸੈਕ. 28-ਏ ਚੰਡੀਗੜ੍ਹ।**

**ਸੰਪਰਕ: 0172-5012042, ਵੈਬਸਾਈਟ: www.kendrisinghsabha.org**

**ਬਿਜਲ-ਪਤਾ : singhsabhachd@gmail.com**

# ਦਾਖ਼ਲਾ ਸੂਚਨਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦੇ ਪ੍ਰਬੰਧ ਅਧੀਨ ਚਲ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ, ਚੰਡੀਗੜ੍ਹ ਵੱਲੋਂ ਬੀ.ਏ. (ਚੋਣਵੀਂ ਪੰਜਾਬੀ, ਧਰਮ ਅਧਿਐਨ ਅਤੇ ਗੁਰਮਤਿ ਸੰਗੀਤ ਵਿਸ਼ਿਆਂ ਨਾਲ)+ ਤਿੰਨ ਸਾਲਾ ਗੁਰਮਤਿ ਪ੍ਰਬੋਧਕ ਕੋਰਸ (ਕਥਾਵਾਚਕ, ਸੰਗੀਤ, ਤਬਲਾ ਅਤੇ ਢਾਡੀ ਜਮਾਤ) ਲਈ 23 ਸਾਲ ਤਕ ਦੇ ਅੰਮ੍ਰਿਤਧਾਰੀ/ਅੰਮ੍ਰਿਤ ਅਭਿਲਾਖੀ ਵਿਦਿਆਰਥੀਆਂ/ ਵਿਦਿਆਰਥਣਾਂ ਤੋਂ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਹੈ। ਵਿਦਿਆਰਥੀ ਬਾਰਵੀਂ ਪਾਸ ਹੋਣ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਰੱਖਦੇ ਹੋਣ। ਵਿਦਿਆਰਥੀਆਂ ਨੂੰ ਕੋਰਸ ਦੌਰਾਨ ਗਰੈਜੂਏਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਰਵਾਈ ਜਾਵੇਗੀ। ਸਿੱਖਿਆ, ਰਿਹਾਇਸ਼, ਲੰਗਰ ਅਤੇ ਵਰਦੀਆਂ ਦਾ ਪ੍ਰਬੰਧ ਕਮੇਟੀ ਵੱਲੋਂ ਮੁਫਤ ਕੀਤਾ ਜਾਵੇਗਾ। ਚਾਹਵਾਨ ਵਿਦਿਆਰਥੀ ਆਪਣੇ ਅਸਲ ਦਸਤਾਵੇਜ਼ ਲੈ ਕੇ ਦਾਖਲੇ ਲਈ 21 ਅਪ੍ਰੈਲ 2013 ਦਿਨ ਐਤਵਾਰ ਸਵੇਰੇ 10 ਵਜੇ ਨੂੰ ਹੋਣ ਵਾਲੇ ਦਾਖਲਾ-ਪ੍ਰੀਖਿਆ ਵਿਚ ਸ਼ਾਮਲ ਹੋਣ। ਨਤੀਜਾ ਉਡੀਕ ਰਹੇ ਵੀ ਵਿਦਿਆਰਥੀ ਵੀ ਦਾਖਲਾ-ਪ੍ਰੀਖਿਆ ਦੇ ਸਕਦੇ ਹਨ।

**ਜਾਰੀ ਕਰਤਾ ਖੁਸ਼ਹਾਲ ਸਿੰਘ (ਜਨਰਲ ਸਕੱਤਰ)**

**ਸੰਪਰਕ: 93161-07093, 99888-10202**

# ਅਵਰ ਉਪਦੇਸੈ ਆਪਿ ਨ ਕਰੈ

ਕੁਝ ਦਿਨ ਪਹਿਲਾਂ ਚੰਡੀਗੜ੍ਹ ਦੇ ਇੱਕ ਸਕੂਲ ਵਿੱਚ ਸਮਾਗਮ ਸੀ। ਕੀਰਤਨ ਕਰਨ ਗਿਆ ਤਾਂ ਕਈ ਸਾਲ ਪਹਿਲਾਂ ਦੀ ਇੱਕ ਘਟਨਾਂ ਯਾਦ ਆ ਗਈ। ਇਸ ਸਕੂਲ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਸੀ। ਇੱਕ ਪ੍ਰਸਿੱਧ ਰਾਗੀ ਜਥਾ, ਜੋ ਸ਼ਬਦ ਗਾਇਨ ਨਾਲੋਂ ਵਧੇਰੇ ਕਥਾ ਕਰਦਾ ਹੈ, ਕੀਰਤਨ ਕਰ ਰਿਹਾ ਸੀ। ਕੀਰਤਨ ਵਿੱਚ ਕਥਾ ਕਰਦਿਆਂ ਉਹਨਾਂ ਨੇ ਗੁਰੂ ਨਾਨਕ ਦੇਵ ਦੀ ਬਾਣੀ ਵਿੱਚੋਂ ਮੁਸਲਮਾਨਾਂ ਅਤੇ ਪੰਡਤਾਂ ਨੂੰ ਦਿੱਤੇ ਉਪਦੇਸ਼ਮਈ ਸ਼ਬਦਾਂ ਨੂੰ ਆਧਾਰ ਬਣਾ ਕੇ ਮੌਲਵੀਆਂ ਅਤੇ ਪੰਡਤਾਂ ਦੀ ਖੂਬ ਅਲੋਚਨਾ ਕੀਤੀ। ਅਲੋਚਨਾ ਕਰਦਿਆਂ ਉਹ ਆਪ ਵੀ ਭਾਵੁਕ ਹੋ ਗਏ ਅਤੇ ਕੁਝ ਸਰੋਤਿਆਂ ਨੂੰ ਵੀ ਭਾਵੁਕ ਕਰ ਦਿੱਤਾ ਜਿਹਨਾਂ ਜੈ ਕਾਰਾ ਵੀ ਬੁਲਾਇਆ।

ਇਸ ਤੋਂ ਬਾਅਦ ਗੁਰਪੁਰਵਾਸੀ ਪ੍ਰਿੰਸੀਪਲ ਹਰਿਭਜਨ ਸਿੰਘ ਸਾਬਕਾ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਾਲਿਆਂ ਨੇ ਬੋਲਣਾ ਸੀ। ਉਹਨਾਂ ਨੇ ਰਾਗੀ ਜਥੇ ਦੀ ਕਥਾ ਕਲਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਗੁਰੂ ਸਾਹਿਬ ਨੇ ਵੱਖ ਵੱਖ ਧਰਮਾਂ ਦੇ ਲੋਕਾਂ ਨੂੰ ਅਸਲੀ ਧਰਮ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਉਹਨਾਂ ਵਲੋਂ ਵੇਲਾ ਵਿਹਾ ਚੁੱਕੀਆਂ ਰਸਮਾਂ ਦਾ ਖੰਡਨ ਕੀਤਾ ਹੈ। ਪਰ ਗੁਰਬਾਣੀ ਦੀ ਵਿਆਖਿਆ ਕਰਨ ਸਮੇਂ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਇਸ ਵਿਚੋਂ ਸਾਹਮਣੇ ਬੈਠੇ ਸਰੋਤਿਆਂ ਨੂੰ ਕੋਈ ਜੀਵਨ ਅਗਵਾਈ ਮਿਲ ਰਹੀ ਹੈ ਕਿ ਨਹੀ। ਇਸ ਵੇਲੇ ਸੰਗਤ ਵਿੱਚ ਨਾ ਕੋਈ ਮੌਲਵੀ ਬੈਠਾ ਹੈ ਅਤੇ ਨਾ ਕੋਈ ਪੰਡਤ ਇਸ ਲਈ ਉਹਨਾਂ ਬਾਰੇ ਪਿੱਠ ਪਿੱਛੇ ਟਿਪਣੀਆਂ ਕਰਨਾ ਤਾਂ ਇੱਕ ਤਰ੍ਹਾਂ ਦੀ ਨਿੰਦਾ ਹੈ। ਅਤੇ ਨਿੰਦਾ ਕਰਨੀ ਗੁਰਮਤਿ ਵਿੱਚ ਵਰਜਿਤ ਹੈ। ਜੇ ਇਹਨਾਂ ਸ਼ਬਦਾਂ ਦਾ ਹਵਾਲਾ ਦੇਣਾ ਹੀ ਹੈ ਇਸ ਨੂੰ ਆਪਣੇ ਧਾਰਮਿਕ ਆਗੂਆਂ ਦੇ ਜੀਵਨ ਨਾਲ ਜੋੜ ਕੇ ਉਹਨਾਂ ਨੂੰ ਸਿੱਖਿਆ ਦੇਣ ਦੇ ਨਿਸ਼ਾਨੇ ਨਾਲ ਇਹ ਸ਼ਬਦ ਪੜ੍ਹੇ ਸੁਣੇ ਜਾਣੇ ਚਾਹੀਦੇ ਹਨ। ਗੁਰੂ ਸਾਹਿਬ ਨੇ ਉਸ ਵੇਲੇ ਦੇ ਪ੍ਰਚਲਿਤ ਧਰਮਾਂ ਨਾਲ ਸਬੰਧਤ ਜਿਹਨਾਂ ਕਿਰਿਆਵਾਂ ਦਾ ਖੰਡਨ ਕੀਤਾ ਕਿਤੇ ਉਹ ਸਾਡੇ ਧਰਮ ਵਿੱਚ ਵੀ ਪ੍ਰਚਲਿਤ ਤਾਂ ਨਹੀਂ ਹੋ ਗਈਆਂ? ਗੁਰਬਾਣੀ ਵਿੱਚ ਉਪਦੇਸ਼ ਦੇਣ ਨਾਲ ਸਬੰਧਤ ਕੁਝ ਕਥਨਾਂ ਨੂੰ ਬਾਰ ਬਾਰ ਵਾਚਣ ਦੀ ਲੋੜ ਹੈ–

ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥ ਲੋਕ ਸਮਝਾਵਹੁ ਸੁਣੇ ਨ ਕੋਈ ॥ ਗਉੜੀ ਮਹਲਾ 3

ਆਪ ਕਮਾਉ ਅਵਰਾ ਉਪਦੇਸ ॥ ਰਾਮ ਨਾਮ ਹਿਰਦੈ ਪਰਵੇਸ ॥ ਗਉੜੀ ਮਹਲਾ 5

ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ ਗਉੜੀ ਸੁਖਮਨੀ ਮਹਲਾ 5

ਉਪਦੇਸ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ ਆਸਾ ਮਹਲਾ 5

ਪ੍ਰਥਮੈ ਮਨ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਆਸਾ ਮਹਲਾ 5

ਆਪਣਾ ਆਪ ਨ ਪਛਾਣੈ ਮੂੜਾ ਅਵਰਾ ਆਖਿ ਦੁਖਾਏ ॥ ਵਾਰ ਬਿਹਾਗੜਾ ਮਹਲਾ 3

ਕਬੀਰ ਅਵਰਹ ਕਉ ਉਪੇਸਤੇ ਮੁਖਿ ਮੈ ਪਰਿ ਹੈ ਰੇਤੁ ॥

ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ ਸਲੋਕ ਕਬੀਰ ਜੀ

ਔਰਨ ਕਹਿ ਉਪਦੇਸਤ ਹੈਂ ਪਸੁ ਤੋਹਿ ਪ੍ਰਬੋਧ ਨ ਲਾਗੋ ॥ ਹਜ਼ਾਰੇ ਸ਼ਬਦ ਪਾਤਸ਼ਾਹੀ 10

ਇਸ ਘਟਨਾਂ ਨੂੰ ਯਾਦ ਕਰ ਕੇ ਮੰਨ ਪ੍ਰਿੰਸੀਪਲ ਸਾਹਿਬ ਦੇ ਸਤਿਕਾਰ ਵਿੱਚ ਹੁਣ ਵੀ ਝੁਕ ਜਾਂਦਾ ਹੈ।

## POSITIVE THINKING

- A Nice Thought : O God! please teach us to appreciate what we have...before time forces us to appreciate what we had.
- Give thousand chances to your enemy to become your friend. But never give a single chance to your friend to become your enemy.
- Faith is the bird that feels the light when the dawn is still dark.
- You have always to choices when you wake up : Wake up and sleep again or wake up and stand up and make your dream come true.
- A Lamp does not speak it introduces itself through its light. Achievers never expose themselves but their achivements expose them.

***With best Compliments from a Well Wisher***


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਕੀਰਤਨ ਦੀ ਮਹਾਨਤਾ : ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿੱਚ

ਸੰਦੀਪ ਕੌਰ ਬਰਾੜ*

ਰਾਗ ਤੋਂ ਭਾਵ ਉਸ ਸ਼ਬਦ, ਧੁਨੀ, ਜਾਂ ਆਵਾਜ਼ ਤੋਂ ਹੈ, ਜਿਸਨੂੰ ਸੁਣਨ ਨਾਲ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਰਾਗ ਦਾ ਸੰਬੰਧ ਸਿੱਧੇ ਤੌਰ 'ਤੇ ਆਤਮਾ ਨਾਲ ਹੈ। ਜਦੋਂ ਕਿਸੇ ਵੀ ਸੁਰ ਨੂੰ ਇੱਕ ਖ਼ਾਸ ਢੰਗ ਨਾਲ ਹਰਕਤ ਵਿੱਚ ਲਿਆਂਦਾ ਜਾਂਦਾ ਹੈ, ਤਾਂ ਉਹ ਰਾਗ ਹੁੰਦਾ ਹੈ। ਸੁਰ ਵਿੱਚ ਇਕਸੁਰਤਾ ਦਾ ਹੋਣਾ ਅਤਿ ਆਵੱਸ਼ਕ ਹੈ, ਕਿਉਂਕਿ ਸੁਰ ਵਿਚਲੀ ਇਕਸੁਰਤਾ ਤੋਂ ਬਿਨਾਂ ਮਨ ਵਿੱਚ ਪ੍ਰਸੰਨਤਾ ਭਾਵ ਆਨੰਦ ਨਹੀਂ ਉਪਜ ਸਕਦਾ।

ਵਿਦਵਾਨਾਂ ਨੇ ਰਾਗ ਨੂੰ ਰੂਹ ਦੀ ਖ਼ੁਰਾਕ ਮੰਨਿਆ ਹੈ। ਰਾਗ ਦਾ ਪ੍ਰਭਾਵ ਕੇਵਲ ਮਨੁੱਖਾਂ ਉੱਪਰ ਹੀ ਨਹੀਂ ਬਲਕਿ ਕਈ ਹੋਰ ਜੀਵਾਂ, ਜਿਵੇਂ ਕਿ ਹਿਰਨ ਅਤੇ ਸੱਪ ਆਦਿ ਉੱਪਰ ਵੀ ਸਪੱਸ਼ਟ ਰੂਪ ਵਿੱਚ ਦਿੱਸਦਾ ਹੈ। ਭਾਰਤ ਵਿੱਚ ਰਾਗ ਦੀ ਵਿੱਦਿਆ ਦਾ ਹੁਨਰ ਅਧਿਕ ਰੂਪ ਵਿੱਚ ਪ੍ਰਚੱਲਿਤ ਰਿਹਾ ਹੈ। ਇਸੇ ਪ੍ਰਕਾਰ ਹੀ ਗੁਰਮਤਿ ਵਿੱਚ ਰਾਗ ਦੀ ਇੱਕ ਹੋਰ ਪਰੰਪਰਾ ਨੂੰ ਵਿਕਸਤ ਕੀਤਾ ਗਿਆ, ਜਿਸਨੂੰ ਕੀਰਤਨ ਦਾ ਨਾਂ ਦਿੱਤਾ ਗਿਆ ਹੈ।

ਸਿੱਖ ਗੁਰੂ ਸਾਹਿਬਾਨ ਨੇ ਗੁਰਬਾਣੀ ਅਤੇ ਰਾਗ ਨੂੰ ਮਿਲਾ ਕੇ ਪਰਮਾਤਮਾ ਦੀ ਉਸਤਤੀ ਕਰਨ ਲਈ ਕਿਹਾ ਹੈ। ਇਸੇ ਨੂੰ ਹੀ ਕੀਰਤਨ ਕਿਹਾ ਜਾਂਦਾ ਹੈ। ਇਹੀ ਕੀਰਤਨ ਪਰਮਾਤਮਾ ਦੀ ਬੰਦਗੀ ਲਈ ਇੱਕ ਵਧੀਆ ਸਾਧਨ ਬਣਦਾ ਹੈ। ਰਾਗ ਦੀ ਮਹੱਤਤਾ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪਤਾ ਲੱਗਦੀ ਹੈ। ਗੁਰੂ ਨਾਨਕ ਦੇਵ ਜੀ ਜਦੋਂ ਪਰਮਾਤਮਾ ਦੀ ਭਗਤੀ ਕਰਦੇ ਸਨ ਤਾਂ ਉਹ ਰਾਗ ਰਾਹੀਂ ਹੀ ਕਰਦੇ ਸਨ। ਇਹ ਗੱਲ ਉਸ ਸਮੇਂ ਵੀ ਪ੍ਰਤੱਖ ਹੁੰਦੀ ਹੈ ਜਦੋਂ ਉਹ ਆਪਣੀ ਪਹਿਲੀ ਉਦਾਸੀ ਤੇ ਜਾਣ ਸਮੇਂ ਭਾਈ 'ਫ਼ਿਰੰਦੇ' ਨਾਂ ਦੇ ਵਿਅਕਤੀ ਪਾਸੋਂ ਰਬਾਬ ਮੰਗਵਾਉਂਦੇ ਹਨ ਅਤੇ ਉਸਨੂੰ ਭਾਈ ਮਰਦਾਨੇ ਨੂੰ ਦੇ ਕੇ ਆਪਣੀਆਂ ਯਾਤਰਾਵਾਂ ਕਰਦੇ ਰਹੇ ਅਤੇ ਰਾਗ ਦੀ ਮਹਿਮਾ ਨੂੰ ਵੀ ਉਜਾਗਰ ਕਰਦੇ ਰਹੇ। ਬੇਸ਼ੱਕ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅੰਗਦ ਦੇਵ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਵੀ ਚੱਲਦੀ ਰਹੀ ਪਰੰਤੂ ਕੀਰਤਨ ਦਾ ਵਧੇਰੇ ਵਿਕਾਸ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋਇਆ ਸੀ। ਗੁਰੂ ਅਰਜਨ ਦੇਵ ਜੀ ਆਪ ਵੀ ਅਦਭੁੱਤ ਰਾਗੀ ਸਨ।[1]

ਗੁਰੂ ਅਰਜਨ ਦੇਵ ਜੀ ਦੇ ਸਮੇਂ ਸੱਤਾ ਅਤੇ ਬਲਵੰਡ ਨਾਂ ਦੇ ਦੋ ਭਰਾ ਕੀਰਤਨ ਕਰਿਆ ਕਰਦੇ ਸਨ। ਇੱਕ ਦਿਨ ਉਨ੍ਹਾਂ ਨੇ ਆਪਣੀ ਕਿਸੇ ਜ਼ਰੂਰਤ ਕਾਰਨ ਗੁਰੂ ਅਰਜਨ ਦੇਵ ਜੀ ਤੋਂ ਕੀਰਤਨ ਦੇ ਇੱਕ ਦਿਨ ਦੇ ਚੜ੍ਹਾਵੇ ਦੀ ਰਕਮ ਮੰਗੀ, ਜੋ ਗੁਰੂ ਜੀ ਨੇ ਉਨ੍ਹਾਂ ਨੂੰ ਲੈਣ ਦੀ ਇਜ਼ਾਜਤ ਦੇ ਦਿੱਤੀ। ਪਰੰਤੂ ਕੀਰਤਨ ਕਰਦੇ ਸਮੇਂ ਉਨ੍ਹਾਂ ਰਾਗੀਆਂ ਦਾ ਧਿਆਨ ਮਾਇਆ ਵੱਲ ਵਧੇਰੇ ਅਤੇ ਕੀਰਤਨ ਕਰਨ ਵੱਲ ਘੱਟ ਹੋਣ ਕਰਕੇ ਮਾਇਆ ਦਾ ਚੜ੍ਹਾਵਾ ਘੱਟ ਹੋਇਆ, ਜਿਸ ਕਾਰਨ ਉਹ ਨਾਰਾਜ਼ ਹੋ ਗਏ ਅਤੇ ਅਗਲੇ ਦਿਨ

ਕੀਰਤਨ ਕਰਨ ਨਾ ਆਏ। ਉਨ੍ਹਾਂ ਨੂੰ ਇਹ ਹੰਕਾਰ ਹੋ ਗਿਆ ਕਿ ਉਨ੍ਹਾਂ ਤੋਂ ਬਿਨਾਂ ਹੋਰ ਕੋਈ ਕੀਰਤਨ ਨਹੀਂ ਜਾਣਦਾ। ਹੰਕਾਰ ਦੇ ਪ੍ਰਭਾਵ ਕਾਰਨ ਗੁਰੂ ਸਾਹਿਬਾਨ ਅਤੇ ਗੁਰੂ ਘਰ ਦੀ ਵੀ ਨਿੰਦਿਆ ਕਰਨ ਲੱਗ ਪਏ ਅਤੇ ਕੀਰਤਨ ਕਰਨ ਲਈ ਆਉਣ ਤੋਂ ਵੀ ਇਨਕਾਰ ਕਰ ਦਿੱਤਾ। ਸਮਾਂ ਪਾ ਕੇ ਇਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਇਹ ਗੁਰੂ ਘਰ ਦੇ ਇੱਕ ਸਿੱਖ ਭਾਈ ਲੱਧਾ ਜੀ ਦੇ ਨਾਲ ਗੁਰੂ ਘਰ ਵਿੱਚ ਪੇਸ਼ ਹੋਏ ਅਤੇ ਆਪਣੀ ਗਲਤੀ ਦੀ ਮਾਫ਼ੀ ਮੰਗੀ। ਗੁਰੂ ਜੀ ਦੁਆਰਾ ਮਾਫ਼ ਕਰਨ ਤੇ ਇਹ ਸਿੱਖ ਗੁਰੂ ਘਰ ਵਿੱਚ ਸਵੀਕਾਰ ਕੀਤੇ ਗਏ। ਬਾਅਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਦੁਆਰਾ ਰਚੀ ਗਈ ਬਾਣੀ ਨੂੰ ਆਦਿ ਗ੍ਰੰਥ ਵਿੱਚ ਸ਼ਾਮਿਲ ਕੀਤਾ।[2]

ਇਸ ਤੋਂ ਉਪਰੰਤ ਗੁਰੂ ਅਰਜਨ ਦੇਵ ਜੀ ਨੇ ਆਪ ਆਪਣੇ ਸਿੱਖਾਂ ਨੂੰ ਸਾਜ਼ ਵਜਾਉਣ ਅਤੇ ਕੀਰਤਨ ਕਰਨ ਦੀ ਸਿਖਲਾਈ ਦਿੱਤੀ ਅਤੇ ਇੱਕ 'ਸਾਰੰਦਾ' ਨਾਂ ਦਾ ਸਾਜ਼ ਖ਼ੁਦ ਵੀ ਤਿਆਰ ਕੀਤਾ। ਉਸ ਸਮੇਂ ਤੋਂ ਹੀ ਸਿੱਖਾਂ ਵਿੱਚ ਕੀਰਤਨ ਦੀ ਪਰੰਪਰਾ ਦਾ ਵਿਕਾਸ ਹੋਣਾ ਆਰੰਭ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੀ ਅਲੱਗ-ਅਲੱਗ ਰਾਗਾਂ ਹੇਠ ਸੰਪਾਦਿਤ ਕੀਤਾ ਗਿਆ ਹੈ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਵੀ ਦਰਬਾਰ ਸਾਹਿਬ ਵਿਖੇ ਕੀਰਤਨ ਦੀਆਂ ਚਾਰ ਚੌਕੀਆਂ ਪ੍ਰਚੱਲਿਤ ਹਨ ਜਿਨ੍ਹਾਂ ਤੋਂ ਕੀਰਤਨ ਦੀ ਮਹਾਨਤਾ ਦਾ ਸਪੱਸ਼ਟ ਰੂਪ ਵੇਖਿਆ ਜਾ ਸਕਦਾ ਹੈ, ਜਿਵੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ, ਸਵਾ ਪਹਿਰ ਦਿਨ ਚੜ੍ਹੇ ਚਰਨ ਕੰਵਲ, ਸ਼ਾਮ ਨੂੰ ਸੋਦਰ ਦੀ ਅਤੇ ਚਾਰ ਘੜੀ ਰਾਤ ਗਏ ਕਲਿਆਣ ਦੀ ਚੌਂਕੀ ਹੁੰਦੀ ਹੈ। ਭਾਵੇਂ ਹੋਰ ਵੀ ਧਰਮਾਂ ਵਿੱਚ ਕੀਰਤਨ ਦੀ ਮਹਾਨਤਾ ਨੂੰ ਸਵੀਕਾਰ ਕੀਤਾ ਗਿਆ ਹੈ, ਪਰੰਤੂ ਸਿੱਖ ਧਰਮ ਵਿੱਚ ਕੀਰਤਨ ਨੂੰ ਬਹੁਤ ਅਧਿਕ ਰੂਪ ਵਿੱਚ ਮੰਨਿਆ ਗਿਆ ਹੈ।

ਕੀਰਤਨ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਕੀਰਤਿ' ਸ਼ਬਦ ਤੋਂ ਹੋਈ ਹੈ, ਜਿਸਦੇ ਅਰਥ ਜਸ ਕਰਨਾ, ਭਗਵਾਨ ਦੀ ਕਥਾ ਸੰਗੀਤ ਦੁਆਰਾ ਕਰਨੀ ਹੈ। ਜਦੋਂਕਿ ਗੁਰਮਤਿ ਵਿੱਚ ਬਾਣੀ ਨੂੰ ਰਾਗ ਦੇ ਅਨੁਸਾਰ ਗਾ ਕੇ ਪਰਮਾਤਮਾ ਦੀ ਉਸਤਤੀ ਨੂੰ ਕੀਰਤਨ ਦਾ ਨਾਂ ਦਿੱਤਾ ਗਿਆ ਹੈ। ਕੀਰਤਨ ਨੂੰ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਹੋਣ ਵਿੱਚ ਸਹਾਇਕ ਅਤੇ ਅਤੀ ਆਵੱਸ਼ਕ ਮੰਨਿਆ ਹੈ। ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਕੀਰਤਨ ਨੂੰ ਜੀਵ ਦੁਆਰਾ ਕੀਤੇ ਜਾਣ ਵਾਲੇ ਸਾਰੇ ਹੀ ਕਰਮਾਂ ਵਿੱਚੋਂ ਉੱਤਮ ਭਾਵ ਸ੍ਰੇਸ਼ਠ ਮੰਨਿਆ ਹੈ। ਕੀਰਤਨ ਹੀ ਮਨੁੱਖ ਦਾ ਉਧਾਰ ਕਰ ਸਕਦਾ ਹੈ।

ਕਲਜੁਗ ਮਹਿ ਕੀਰਤਨੁ ਪਰਧਾਨਾ॥[3]
ਗੁਰਮੁਖਿ ਜਪੀਐ ਲਾਇ ਧਿਆਨਾ॥

ਕੀਰਤਨ ਕਰਨ ਨਾਲ ਕੀਰਤਨ ਸੁਣਨਾ ਵੀ ਜ਼ਰੂਰੀ ਹੈ। ਜੋ ਵਿਅਕਤੀ ਕੀਰਤਨ ਸੁਣਦਾ ਹੈ ਉਸਨੂੰ ਕੋਈ ਵੀ ਦੁਖ ਨਹੀਂ ਛੂਹ ਸਕਦਾ।

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥[4]

ਜਦੋਂ ਵਿਅਕਤੀ ਸੰਸਾਰਿਕ ਕੰਮਾਂ ਵਿੱਚ ਉਲਝ ਜਾਂਦਾ ਹੈ ਤਾਂ ਉਸਦੇ ਸਾਰੇ ਜੀਵਨ ਵਿੱਚ ਉਸਦਾ

ਮਨ ਧਨ ਦੌਲਤ ਇੱਕਠੀ ਕਰਨ ਅਤੇ ਜਗਤ ਵਿਚਲੇ ਹੋਰ ਜੰਜਾਲਾਂ ਵਿੱਚ ਫਸਿਆ ਰਹਿੰਦਾ ਹੈ, ਜਿਹੜੇ ਕਿ ਉਸਦੇ ਲਈ ਕਿਤੇ ਵੀ ਸਹਾਈ ਨਹੀਂ ਹੋ ਸਕਦੇ। ਕਿਉਂਕਿ ਇਹ ਸਾਰੀਆਂ ਵਸਤਾਂ ਅਸੱਤ ਹਨ ਅਤੇ ਕੁੱਝ ਸਮਾਂ ਪਾ ਕੇ ਨਸ਼ਟ ਹੋਣ ਵਾਲੀਆਂ ਹੁੰਦੀਆਂ ਹਨ। ਜੀਵ ਲਈ ਜੇਕਰ ਕੁੱਝ ਅਟੱਲ ਹੈ ਤਾਂ ਉਹ ਕੇਵਲ ਕੀਰਤਨ ਹੀ ਹੈ ਜੋ ਜੀਵ ਦੇ ਜੀਵਨ ਦਾ ਮੂਲ ਆਧਾਰ ਬਣਿਆ ਰਹਿੰਦਾ ਹੈ ਅਤੇ ਪਰਮਾਤਮਾ ਨਾਲ ਜੀਵ ਦੇ ਮਿਲਾਪ ਵਿੱਚ ਸਹਾਇਕ ਬਣਦਾ ਹੈ।

> ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ ॥
> ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ ॥ [5]
> ਕੀਰਤਨ ਹੀ ਮਨੁੱਖ ਨੂੰ ਆਵਾਗਵਣ ਦੇ ਚੱਕਰਾਂ ਵਿੱਚੋਂ ਬਾਹਰ ਕੱਢਦਾ ਹੈ
> ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
> ਬਹੁੜਿ ਨ ਜੋਨੀ ਪਾਈਐ ॥ [6]

ਕੀਰਤਨ ਕਰਨ ਲਈ ਠੀਕ ਸਥਾਨ ਸਾਧ ਸੰਗਤ ਵਿੱਚ ਬੈਠਣਾ ਮੰਨਿਆ ਜਾਂਦਾ ਹੈ। ਕਿਉਂਕਿ ਸਾਧ ਸੰਗਤ ਵਿਚਲੇ ਕਿਸੇ ਵੀ ਵਿਅਕਤੀ ਵਿੱਚ ਕੋਈ ਵੀ ਭੇਦ ਭਾਵ ਨਹੀਂ ਰਹਿੰਦਾ ਹੈ। ਸਾਰਿਆਂ ਦਾ ਮੂਲ ਉਦੇਸ਼ ਪਰਮਾਤਮਾ ਦੀ ਪ੍ਰਾਪਤੀ ਦੀ ਭਗਤੀ ਕਰਨਾ ਹੁੰਦਾ ਹੈ। ਸਾਧ ਸੰਗਤ ਤੋਂ ਬਿਨ੍ਹਾਂ ਹੋਰ ਕੋਈ ਵੀ ਉੱਚਿਤ ਅਤੇ ਯੋਗ ਸਥਾਨ ਪਰਮਾਤਮਾ ਦੀ ਭਗਤੀ ਲਈ ਨਹੀਂ ਹੋ ਸਕਦਾ ਜਿੱਥੇ ਬੈਠ ਕੇ ਕੀਰਤਨ ਰਾਹੀਂ ਮਨ ਨੂੰ ਇਕਾਗਰ ਕੀਤਾ ਜਾ ਸਕੇ।

> ਤੀਰਥਿ ਜਾਉ ਤ ਹਉ ਹਉ ਕਰਤੇ ॥
> ਪੰਡਿਤ ਪੂਛਉ ਤ ਮਾਇਆ ਰਾਤੇ ॥
> ਸੋ ਅਸਥਾਨੁ ਬਤਾਵਹੁ ਮੀਤਾ ॥
> ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥
> ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥
> ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥
> ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
> ਕਰਮ ਕਰਤ ਜੀਅ ਕਉ ਜੰਜਾਰ ॥
> ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥
> ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥
> ਸਾਧਸੰਗਿ ਹਰਿ ਕੀਰਤਨੁ ਗਾਈਐ ॥
> ਇਹੁ ਅਸਥਾਨੁ ਗੁਰੂ ਤੇ ਪਾਈਐ ॥ [7]

ਸਾਧ ਸੰਗਤ ਨੂੰ ਇਸ ਲਈ ਵੀ ਯੋਗ ਸਥਾਨ ਮੰਨਿਆ ਜਾਂਦਾ ਹੈ ਕਿਉਂਕਿ ਤੀਰਥ ਸਥਾਨਾਂ ਉੱਤੇ ਜਾ ਕੇ ਵੀ ਮਨੁਖ ਦੀ ਹਉਮੈਂ ਦਾ ਅੰਤ ਨਹੀਂ ਹੁੰਦਾ। ਪੰਡਿਤ ਵੀ ਮਾਇਆ ਦੇ ਪ੍ਰਭਾਵ ਵਿੱਚ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਕੀਰਤਨ ਦੀ ਇੰਨੀ ਮਹਾਨਤਾ ਦੱਸੀ ਹੈ ਕਿ ਉਨ੍ਹਾਂ ਦੇ ਅਨੁਸਾਰ ਜੇ ਕਿਧਰੇ ਜਮਦੂਤ ਵੀ ਕਿਸੇ ਕੀਰਤਨ ਕਰਨ ਵਾਲੇ ਸਥਾਨ ਉੱਪਰ ਚਲਿਆ ਜਾਵੇ ਤਾਂ ਉਹ ਵੀ ਉੱਥੇ ਹੀ ਕੈਦ ਹੋ ਸਕਦਾ ਹੈ ਅਤੇ ਉਸ ਲਈ ਵੀ ਉੱਥੋਂ ਨਿਕਲਨਾ ਔਖਾ ਹੋਵੇਗਾ ਕਿਉਂਕਿ ਉੱਥੇ ਕਿਸੇ ਨੂੰ ਵੀ ਮੌਤ ਦਾ ਕੋਈ

ਡਰ ਨਹੀਂ ਹੈ।

ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥ [8]

ਸੋ ਇਸ ਪ੍ਰਕਾਰ ਉਪਰੋਕਤ ਵਿਅਖਿਆ ਤੋਂ ਇਸ ਗੱਲ ਦਾ ਸਹਿਜੇ ਹੀ ਅਨੁਮਾਨ ਹੋ ਜਾਂਦਾ ਹੈ ਕਿ ਜਿੱਥੇ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਸੰਗਤ ਦੀ ਮਹਾਨਤਾ ਨੂੰ ਬਿਆਨ ਕੀਤਾ ਗਿਆ ਹੈ ਉੱਥੇ ਹੀ ਕੀਰਤਨ ਦਾ ਵੀ ਮਹੱਤਵ ਪਤਾ ਲੱਗਦਾ ਹੈ। ਸਿੱਖ ਧਰਮ ਵਿੱਚ ਲੈਅ ਬੱਧ ਅਤੇ ਇਕਾਗਰ ਮਨ ਨਾਲ ਕੀਤੇ ਜਾਣ ਵਾਲੇ ਕੀਰਤਨ ਨੂੰ ਤਰਜੀਹ ਦਿੱਤੀ ਗਈ ਹੈ। ਸਿੱਖ ਧਰਮ ਵਿਚਲੀ ਕੀਰਤਨ ਦੀ ਮਹਾਨਤਾ ਦਾ ਅਨੁਮਾਨ ਅਜੋਕੇ ਸਮੇਂ ਤੱਕ ਪ੍ਰਚੱਲਿਤ ਕੀਰਤਨ ਦੀ ਪਰੰਪਰਾ ਤੋਂ ਹੀ ਸ਼ਪੱਸ਼ਟ ਹੋ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਗਿ. ਪ੍ਰਤਾਪ ਸਿੰਘ, ਗੁਰਮਤ ਫ਼ਿਲਾਸਫ਼ੀ, ਪੰਨਾ- 239.
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ- 150.
3. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- 1075-76.
4. ਉਹੀ, ਪੰਨਾ- 190.
5. ਉਹੀ, ਪੰਨਾ- 398.
6. ਉਹੀ, ਪੰਨਾ- 623.
7. ਉਹੀ, ਪੰਨਾ- 385.


## PRESS RELEASE

Sant Baba Malkiat Singh Ji, Chairman of Sant Baba Bhag Singh Educational Complex, Kindly, released a book named “Mother's Day Bliss” authored by Mrs. SurinderkaurPuar on March 8, 2013, on International Women's Day . This book speaks the universal -truth of pain and suffering of a mother who lost her son prematurely, and how she processed the path of grieving believing in her faith. This book inspires hope in grieving parents to see all the children in this world as their own.

Most of the department heads , principals and some faculty graced the occasion with their presence whereas, some known writers such as Wasdev Singh Parhar, a historian and Virinder Singh Parhar, a novelist and a poet , Principal I. K.Pathak, Principal Dr.SarlaNirankari, Puja Bhatia,an English teacher, echoed the moving words from the book. Dr. H.S. Sagar, General Director expressed his appreciation and the author thanked the audience and informed that all the proceeds from the book will be dedicated to scholarship fund at Sant Baba Bhag Singh Institute for needy children.

For more information, please contact: surinderkpuar@yahoo.com

ਪਿਛਲੇ ਅੰਕ ਦੀ ਬਾਕੀ

# ਜੀਵਨ ਵਿਚ ਸੰਗੀਤ ਦਾ ਮਹੱਤਵ

## ਪ੍ਰੋ. ਕਰਤਾਰ ਸਿੰਘ ਬਡੂੰਗਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਰਹੱਸਮਈ ਆਤਮਿਕ ਵਰਤਾਰੇ ਬਾਰੇ ਹੋਰ ਸਮਝਾਉਂਦਿਆਂ ਇਉਂ ਕਿਹਾ ਹੈ ਕਿ ਪ੍ਰਭੂ ਤੂੰ ਇਕ ਸੁੰਦਰ ਗੀਤ ਹੈ ਅਤੇ ਇਕ ਸੁੰਦਰ ਤਰਾਨਾ ਹੈ। ਮੈਂ ਤੇਰੇ ਇਸ ਰੂਪ ਨੂੰ ਨਮਸਕਾਰ ਕਰਦਾ ਹਾਂ। ਗੁਰਵਾਕ ਹੈ:

ਨਮੋ ਗੀਤ ਗੀਤੇ॥ ਨਮੋ ਨਾਦ ਨਾਦੇ॥ (ਜਾਪੁ ਸਾਹਿਬ)

ਸੰਗੀਤ, ਜੰਗਲਾਂ, ਬੇਲਿਆਂ, ਪਹਾੜਾਂ, ਪਸ਼ੂਆਂ, ਪੰਛੀਆਂ ਭਾਵ ਹਰ ਜਾਨਦਾਰ ਸ਼ੈਅ ਨੂੰ ਪ੍ਰਭਾਵਤ ਕਰਦਾ ਹੈ। ਸੁੰਨਸਾਨ ਜੰਗਲਾਂ, ਪਹਾੜੀ ਇਲਾਕਿਆਂ, ਵਹਿੰਦੇ ਦਰਿਆਵਾਂ ਵਿਚ ਉੱਠਦੀਆਂ ਸੁਰੀਲੀਆਂ ਸੰਗੀਤਕ ਧੁਨੀਆਂ ਸੁਣੀਆਂ ਜਾ ਸਕਦੀਆਂ ਹਨ। ਮੋਰਾਂ, ਕੋਇਲਾਂ, ਚਿੜੀਆਂ, ਕਬੂਤਰਾਂ ਗਟਾਰਾਂ ਆਦਿ ਅਨੇਕਾਂ ਹੀ ਪੰਛੀਆਂ ਦੀਆਂ ਵੱਖ-ਵੱਖ ਸੁਰੀਲੀਆਂ ਆਵਾਜ਼ਾਂ ਇਕ ਮਨਮੋਹਕ ਅਤੇ ਕੁਦਰਤੀ ਸੰਗੀਤ ਹੀ ਤਾਂ ਹੁੰਦਾ ਹੈ। ਜੋ ਇਤਨਾ ਪ੍ਰਭਾਵਸ਼ਾਲੀ ਹੁੰਦਾ ਹੈ ਕਿ ਰਾਹ ਜਾਂਦੇ ਰਾਹੀ ਨੂੰ ਥੰਮ ਕੇ ਖੜਾ ਹੋਣ ਲਈ ਮਜ਼ਬੂਰ ਕਰ ਦਿੰਦਾ ਹੈ। ਝਰਨਿਆਂ ਦਾ ਝਿੰਮ-ਝਿੰਮ ਅਤੇ ਸਾਂ-ਸਾਂ ਕਰਦਾ ਡਿੱਗਦਾ ਪਾਣੀ ਅਤੇ ਵਹਿੰਦੇ ਦਰਿਆਵਾਂ ਵਿਚ ਉਗਮਦਾ ਸੰਗੀਤ ਆਤਮਾ ਨੂੰ ਰਹੱਸਮਈ ਹੁਲਾਰਾ ਦੇ ਕੇ ਨਸ਼ਿਆ ਦਿੰਦਾ ਹੈ। ਅਜਿਹੇ ਰੰਗੀਲੇ, ਸੁਰੀਲੇ ਅਤੇ ਰਸੀਲੇ ਦੈਵੀ ਨਾਦ ਨਾਲ ਭਾਈ ਵੀਰ ਸਿੰਘ ਜੀ ਦੀ ਆਤਮਾ ਵਿਸਮਾਦ ਵਿਚ ਆ ਜਾਂਦੀ ਹੈ। ਰੱਬੀ ਰੰਗ ਵਿਚ ਭਿੱਜ ਜਾਂਦੀ ਹੈ ਅਤੇ ਉਹ ਸੁੱਤੇ ਸਿੱਧ ਹੀ ਮੰਤਰ ਮੁਗਧ ਹੋ ਜਾਂਦੇ ਹਨ ਅਤੇ ਉਹ "ਬੈਠ ਵੇ ਗਿਆਨੀ ਬੁਧੀ ਮੰਡਲੇ ਦੀ ਕੈਦ ਵਿਚ" "ਵਲਵਲੇ ਦੇ ਦੇਸ਼ ਸਾਡੀਆਂ ਲੱਗੀਆਂ ਨੇ ਉਡਾਰੀਆਂ" ਦੇ ਵਿਸਮਾਦੀ ਮਹੌਲ ਵਿਚ ਗੜੂੰਦ ਹੋ ਜਾਂਦੇ ਹਨ ਅਤੇ ਪ੍ਰੋ: ਪੂਰਨ ਸਿੰਘ ਨੂੰ ਪੰਜਾਬ ਦੇ ਦਰਿਆਵਾਂ ਦਾ ਸੰਗੀਤ ਵੀ ਗੁਰਾਂ ਦੀ ਬਾਣੀ ਗਾਉਂਦਾ ਹੀ ਮਹਿਸੂਸ ਹੁੰਦਾ ਹੈ। ਅਜਿਹੀ ਸ਼ਕਤੀ ਹੈ ਸੰਗੀਤ ਵਿਚ ਕਿ ਸਭ ਨੂੰ ਆਪਣੇ ਕਲਾਵੇ ਵਿਚ ਲੈ ਕੇ ਮੰਤਰ ਮੁਗਧ ਕਰਨ ਦੇ ਸਮਰੱਥ ਹੁੰਦਾ ਹੈ। ਇਥੋਂ ਤਕ ਕਿ ਦਰੱਖਤਾਂ ਅਤੇ ਖਾਸ ਕਰਕੇ ਛੋਟੇ ਪੌਦਿਆਂ ਨੂੰ ਇਕ ਅਨੋਖੀ ਰੰਗੀਨੀ ਅਤੇ ਵਿਕਾਸ ਦੀ ਸ਼ਕਤੀ ਪ੍ਰਦਾਨ ਕਰਦਾ ਹੈ।

ਭਾਰਤ ਵਿਚ ਸੰਗੀਤ ਦਾ ਇਸ ਕਰਕੇ ਵੀ ਵਿਸ਼ੇਸ਼ ਮਹੱਤਵ ਹੈ ਕਿ ਜਿਹੜਾ ਵੀ ਮਨੁੱਖ ਇਸ ਧਰਤੀ 'ਤੇ ਆਇਆ ਹੈ ਉਹ ਇਥੋਂ ਦੀ ਸੰਗੀਤ ਪਰੰਪਰਾ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਿਆ। ਇਸ ਦੀ ਪ੍ਰਤੱਖ ਮਿਸਾਲ ਮੁਸਲਮਾਨਾਂ ਦੇ ਜੀਵਨ ਵਿਚੋਂ ਦੇਖਣ ਨੂੰ ਮਿਲਦੀ ਹੈ। ਇਸਲਾਮ ਵਿਚ ਸੰਗੀਤ ਦੀ ਮਨਾਹੀ ਮੰਨੀ ਗਈ ਹੈ ਪਰ ਜਦੋਂ ਸੂਫੀ ਦਰਵੇਸ਼ ਇਸ ਧਰਤੀ 'ਤੇ ਆਏ ਤਾਂ ਉਹਨਾਂ

ਨੇ ਇਥੋਂ ਦੀ ਸੰਗੀਤ ਪਰੰਪਰਾ ਤੋਂ ਪ੍ਰਭਾਵਤ ਹੋ ਕੇ ਏਸੇ ਨੂੰ ਸੂਫੀ ਮਤ ਦੇ ਪ੍ਰਚਾਰ ਦਾ ਸਾਧਨ ਬਣਾਇਆ ਸੀ। ਸੂਫੀ ਮਤ ਵਾਲੇ ਮਨੁੱਖ ਆਤਮਾ ਨੂੰ "ਹੀਰ" ਅਤੇ ਪਰਮਾਤਮਾ ਨੂੰ "ਰਾਂਝਾ" ਅਤੇ ਮਨੁੱਖੀ ਮਨ ਦੇ ਪੰਜ ਵਿਸ਼ੇ ਵਿਕਾਰਾਂ ਨੂੰ "ਖੇੜੇ" ਆਖਦੇ ਹਨ। ਸੂਫੀ ਮਤ ਦਾ ਨਿਸ਼ਾਨਾ ਵੀ ਗੁਰਮਤਿ ਦੇ ਨਿਸ਼ਾਨੇ ਵਾਂਗ ਹੀ "ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥" ਹੀ ਹੈ। ਸੂਫੀ ਮਤ ਰੱਬ-ਪਰਮਸਤਿ ਨੂੰ ਜੰਗਲਾਂ, ਪਹਾੜਾਂ ਅਤੇ ਕੰਦਰਾਂ ਜਾਂ ਸਤਵੇਂ ਆਕਾਸ਼ ਉੱਤੇ ਨਹੀਂ ਸਗੋਂ ਗੁਰਮਤਿ ਵਾਂਗ ਸਰਬ-ਵਿਆਪਕ ਅਤੇ ਸਰਬ ਨਿਰੰਤਰ ਹੀ ਮੰਨਦਾ ਹੈ। "ਫਰੀਦਾ ਜੰਗਲੁ ਜੰਗਲੁ ਕਿਆ ਭਵਿਹ ਵਣਿ ਕੰਡਾ ਮੋੜੇਹਿ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥" ਗੁਰਬਾਣੀ ਅਕਾਲ ਪੁਰਖ ਦੀ ਹੋਂਦ-ਹਸਤੀ ਨੂੰ ਹਰ ਜ਼ੱਰੇ-ਜ਼ੱਰੇ ਵਿਚ ਵਿਦਮਾਨ ਮੰਨਦੀ ਹੈ। ਗੁਰਬਾਣੀ ਵਿਚ ਵੀ ਇਸ ਅਦਭੁਤ ਰਹੱਸ ਨੂੰ ਇਉਂ ਸਪਸ਼ਟ ਕੀਤਾ ਗਿਆ ਹੈ, "ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥" ਤਥਾ "ਤੂ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਨੂੰ ਆਪੇ ਸਰਬ ਸਮਾਣਾ।" ਮੌਜੂਦਾ ਸਮੇਂ ਵਿਚ ਸੂਫੀ ਗਾਇਨ ਦੀ ਪਰੰਪਰਾ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਹੈ। ਅਨੇਕਾਂ ਹੀ ਸੂਫੀ ਸ਼ਾਇਰਾਂ ਨੇ ਸੰਗੀਤ ਦੀ ਵਰਤੋਂ ਕਰ ਕੇ ਸਥਾਨਕ ਸਭਿਆਚਾਰ ਨੂੰ ਦੂਰ-ਦੁਰਾਡੇ ਦੇਸ਼ਾਂ ਤਕ ਪਹੁੰਚਾਉਣ ਦਾ ਕਾਰਜ ਕੀਤਾ ਹੈ। ਗੁਰਮਤਿ ਇਸ ਅਨਾਦੀ, ਦੈਵੀ, ਇਲਾਹੀ ਸੰਗੀਤ ਨੂੰ ਆਤਮਾ ਵਿਚ ਇਕ ਰੂਪ, ਇਕ ਰਸ ਤੇ ਇਕ ਰੰਗ ਕਾਰਜਸ਼ੀਲ ਮੰਨਦੀ ਹੈ। ਫੁਰਮਾਨ ਹੈ:

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥ (ਪੰਨਾ ੬)

ਤਥਾ

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ (ਪੰਨਾ ੭)

ਦਸਵੇਂ ਪਾਤਸ਼ਾਹ ਫੁਰਮਾਉਂਦੇ ਹਨ ਕਿ ਚੰਦਰਮਾ ਦੀ ਸੀਤਲਤਾ (ਜਮਾਲ) ਅਤੇ ਸੂਰਜ ਦਾ ਤਪ, ਤੇਜ਼ ਅਤੇ ਤਸ਼ (ਜਲਾਲ) ਵੀ ਪ੍ਰਭੂ ਦੀ ਹੀ ਬਖਸ਼ਿਸ਼ ਹੈ। ਸੰਗੀਤ ਵਿਚ ਇਹ ਦੋਵੇਂ ਰੂਪ ਮੌਜੂਦ ਹਨ। ਗੁਰੂ ਜੀ ਪਰਮਾਤਮਾ ਦੇ ਉਸ ਰੂਪ ਨੂੰ ਨਤਮਸਤਕ ਹੁੰਦੇ ਫਰਮਾਉਂਦੇ ਹਨ:

ਨਮੋ ਚੰਦ੍ਰ ਚੰਦ੍ਰੇ॥ ਨਮੋ ਭਾਨ ਭਾਨੇ॥

ਅਫਸੋਸ ਦੀ ਬਾਤ ਹੈ ਕਿ ਮੌਜੂਦਾ ਸਮੇਂ ਸਮਾਜ ਅੰਦਰ ਜਿਸ ਤਰ੍ਹਾਂ ਸੱਤਿਆਚਾਰ ਦੀ ਥਾਂ ਅੱਤਿਆਚਾਰ ਅਤੇ ਸਦਾਚਾਰ ਦੀ ਥਾਂ ਅਨਾਚਾਰ ਪ੍ਰਭਾਵੀ ਹੋ ਰਿਹਾ ਹੈ ਉਸੇ ਤਰ੍ਹਾਂ ਸੰਗੀਤ ਦਾ ਅਸਲੀ ਰੂਪ ਵੀ ਅਲੋਪ ਹੁੰਦਾ ਜਾ ਰਿਹਾ ਹੈ। ਕੀਰਤਨ ਸਮਾਗਮਾਂ ਵਿਚ ਸਾਜ਼ਾਂ ਦੁਆਰਾ ਸੁਰਾਂ ਇਤਲੀਆਂ ਉੱਚੀਆਂ ਕੱਢੀਆਂ ਜਾਂਦੀਆਂ ਹਨ ਕਿ ਇਹ ਗੁਰਬਾਣੀ ਸੰਗੀਤ ਨਹੀਂ ਸਗੋਂ ਇਕ ਸ਼ੋਰ ਹੀ ਬਣ ਜਾਂਦਾ ਹੈ ਅਤੇ ਗੁਰਬਾਣੀ ਸ਼ਬਦ ਉੱਤੇ ਸਾਜਾਂ ਦੀ ਘਣਘੋਰ ਆਵਾਜ਼ ਭਾਰੂ ਪੈ ਜਾਂਦੀ ਹੈ ਅਤੇ ਸੰਗਤ ਨੂੰ ਸ਼ਬਦ ਦੀ ਸਮਝ ਹੀ ਨਹੀਂ ਪੈਂਦੀ। ਇਹ "ਸਬਦੁ ਨ ਸੁਣਈ ਬਹੁ ਰੋਲ ਘਚੋਲਾ।" ਬਣ ਜਾਂਦਾ ਹੈ। ਇਹ ਘੋਰ ਅਨਰਥ ਹੈ। ਗੁਰਮਤਿ ਸਿਧਾਂਤ, ਇਤਿਹਾਸ, ਪਰੰਪਰਾ ਅਤੇ ਰਵਾਇਤ ਨਾਲ ਇਕ ਤਰ੍ਹਾਂ ਖਿਲਵਾੜਾ

ਹੀ ਹੈ। ਅਜਿਹੇ ਵਰਤਾਰੇ ਤੋਂ ਸੰਕੋਚ ਅਤੇ ਗੁਰੇਜ ਹੀ ਕਰਨਾ ਬਣਦਾ ਹੈ। ਅਕਾਲ ਪੁਰਖ ਹੀ ਸੁਮੱਤ ਬਖਸ਼ੇ। ਵਿਆਹਾਂ, ਸ਼ਾਦੀਆਂ, ਮੇਲਿਆਂ ਆਦਿ ਅੰਦਰ ਜਿਹੜਾ ਸੰਗੀਤ ਸਾਡੇ ਕੰਨਾਂ ਵਿਚ ਵੱਜ ਰਿਹਾ ਹੈ ਉਹ ਸਿਵਾਏ, ਸ਼ੋਰ ਪ੍ਰਦੂਸ਼ਣ ਦੇ ਹੋਰ ਕੁਝ ਵੀ ਨਹੀਂ ਕਰ ਰਿਹਾ ਜਿਸ ਨਾਲ ਬਹੁਤ ਸਾਰੀਆਂ ਸਰੀਰਿਕ ਅਤੇ ਮਾਨਸਿਕ ਪ੍ਰੇਸ਼ਾਨੀਆਂ ਪੈਦਾ ਹੋ ਰਹੀਆਂ ਹਨ, ਵਿਸ਼ੇ-ਵਿਕਾਰ ਪੈਦਾ ਹੋ ਰਹੇ ਹਨ ਅਤੇ ਇਸ (ਛਰਚਅਦ ਬਰ;ਚਵਜਰਅ) ਆਵਾਜ਼ ਪ੍ਰਦੂਸ਼ਣ ਨਾਲ ਸਾਡੀਆਂ ਸੁਆਰਥੀ ਕਾਰਵਾਈਆਂ ਵਿਚ ਪਹਿਲਾਂ ਪ੍ਰਦੂਸ਼ਿਤ ਹੋਇਆ ਸਾਡਾ ਵਾਤਾਵਰਣ ਹੋਰ ਵੀ ਪ੍ਰਦੂਸ਼ਿਤ ਹੋ ਰਿਹਾ ਹੈ। ਇਸ ਖੜਦੁਮ ਮਚਾਰ ਰਹੇ ਸੰਗੀਤ ਵਿਚ ਪਵਿੱਤਰਤਾ ਨਹੀਂ ਹੈ। ਸਹਿਜ ਨਹੀਂ ਹੈ। ਇਸ ਵਿਚ ਸੀਤਲਤਾ ਨਹੀਂ ਹੈ। ਨਿਰਮਲਤਾ ਅਤੇ ਕੋਮਲਤਾ ਨਹੀਂ ਹੈ। ਇਹ ਮਨ ਸ਼ਾਤ ਅਤੇ ਸ਼ੁੱਧ ਕਰਨੋਂ ਅਸਮਰੱਥ ਹੈ।

ਕਿਸੇ ਸਮੇਂ ਰੋਗੀਆਂ ਦੇ ਰੋਗ ਦੂਰ ਕਰਨ ਵਾਲਾ ਸੰਗੀਤ ਵਿਗੜ ਰੂਪ ਹੋ ਕੇ ਮਨੁੱਖ ਨੂੰ ਹੋਰ ਵਧੇਰੇ ਰੋਗੀ ਬਣਾ ਰਿਹਾ ਹੈ। ਮਨ ਅੰਦਰ ਅਸ਼ਾਂਤੀ ਅਤੇ ਗੈਰਕੁਦਰਤੀ ਉਤੇਜਨਾ ਅਤੇ ਵਿਸ਼ੇ-ਵਿਕਾਰ ਪੈਦਾ ਕਰ ਰਿਹਾ ਹੈ। ਗਲੀਆਂ, ਮੁਹੱਲਿਆਂ ਮੈਰਿਜ ਪੈਲੇਸਾਂ ਵਿਚ ਵੱਜਣ ਵਾਲਾ ਸੰਗੀਤ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਕਰਨ ਦੇ ਨਾਲ ਨਾਲ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਦੇ ਕਾਰਜ਼ ਵਿਚ ਵੀ ਵਿਘਨ ਪਾ ਰਿਹਾ ਹੈ ਅਤੇ ਸ਼ੋਰ ਪ੍ਰਦੂਸ਼ਨ ਫੈਲਾ ਰਿਹਾ ਹੈ। ਜੋ ਹਰ ਪੱਖੋਂ ਹੀ ਮਾਨਵ ਲਈ ਹਾਨੀਕਾਰਕ ਹੈ। ਇਹ ਵਿਗੜ ਰੂਪ ਹੋਇਆ ਹੋਇਆ ਵਿਸ਼ੈਲਾ ਸੰਗੀਤ ਅੰਮ੍ਰਿਤ ਦੀ ਥਾਂ ਬਿਖ ਬਣ ਗਿਆ ਹੈ। ਅਸਲ ਵਿਚ ਮਨੁੱਖੀ ਬਿਰਤੀ ਨੂੰ ਸੰਗੀਤ ਦੀ ਮੂਲ ਭਾਵਨਾ ਨਾਲ ਜੋੜਨ ਦੀ ਲੋੜ ਹੈ ਤਾਂ ਕਿ ਜੀਵਨ ਵਿਚ ਮਿਠਾਸ, ਸਾਂਝੀਵਾਲਤਾ, ਭਾਈਚਾਰਾ, ਪ੍ਰੇਮ, ਸੁਸ਼ੀਲਤਾ, ਸੰਜਮ ਅਤੇ ਸਹਿਜ ਦਾ ਗੁਣ ਪੈਦਾ ਹੋ ਸਕੇ ਜਿਹੜਾ ਕਿ ਮਨੁੱਖ ਦੇ ਮਨ ਵਿਚ ਅਧਿਆਤਮਿਕ ਵਿਕਾਸ ਅਤੇ ਸਮਾਜਿਕ ਭਾਈਚਾਰੇ ਦੀ ਭਾਵਨਾ ਪੈਦਾ ਕਰ ਸਕੇ ਅਤੇ ਹਿਰਦੇ ਨੂੰ ਸ਼ੁੱਧ ਕਰ ਸਕੇ।

ਗੁਰਮਤਿ ਅਨੁਸਾਰ ਅਕਾਲ ਜੋਤਿ ਵੱਲੋਂ ਪੈਦਾ ਕੀਤੀ ਧੁਨੀ ਆਦਿ ਕਾਲ ਤੋਂ ਵੀ ਪਹਿਲਾਂ "ਅਰਬਦ ਨਰਬਦ ਧੁੰਧੂਕਾਰਾ" ਵਾਲੀ ਸਥਿਤੀ ਸਮੇਂ ਵੀ ਮੌਜੂਦ ਸੀ। ਭਾਵ ਇਹਨਾਂ ਦਾ ਕੋਈ ਆਦਿ ਜਾਂ ਅੰਤ ਨਹੀਂ ਹੈ। "ਜਾ ਕਰਤਾ ਸਿਰਠੀ ਕਉ ਸਾਰੇ ਆਪੇ ਜਾਣੈ ਸੋਈ।" ਇਹ ਸੰਗੀਤਕ ਧੁਨੀ ਅਕਾਲ ਪੁਰਖ ਵੱਲੋਂ ਸਾਜੀ, ਨਵਾਜੀ, ਸ਼ਿੰਗਾਰੀ ਅਤੇ ਸਵਾਰੀ ਵਿਸ਼ਾਲ ਕੁਦਰਤ ਦਾ ਇਕ ਅਤੀ ਮਹੱਤਵਪੂਰਨ ਹਿੱਸਾ ਹੈ ਜੋ ਇਕ ਕ੍ਰਿਸ਼ਮਈ ਦੁਰਲੱਭ ਅਰਸ਼ੀ ਨੂਰ ਹੈ। ਗੁਰਵਾਕ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ 463) ਤਥਾ

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ (ਪੰਨਾ 19)

ਇਹ ਬੇਅੰਤ ਹੈ, ਅਨੰਦ ਹੈ, ਅਲੱਖ ਹੈ, ਅਦਿੱਖ ਹੈ। ਅਨਾਦੀ ਹੈ। ਇਲਾਹੀ ਹੈ। ਇਹ ਤਾਂ

ਅਨਹਦ ਨਾਦ ਹੈ। ਇਸ ਨੂੰ ਜਾਣਨਾ ਤਾਂ ਆਹਤ ਤੋਂ "ਅਨਹਤਾ ਸਬਦ ਵਾਜੰਤ ਭੇਰੀ" ਤਕ ਦਾ ਸਫਰ ਹੈ। ਵਿਸ਼ੇ-ਵਿਕਾਰਾਂ ਉੱਤੇ ਜਿੱਤ ਪ੍ਰਾਪਤ ਕਰ ਕੇ ਮਨੋ ਬਿਰਤੀਆਂ ਨੂੰ ਇਕਾਗਰ ਕਰ ਕੇ ਭਾਵ "ਕੂੜਿ ਕੀ ਪਾਲ" ਤੋੜ ਕੇ ਦਸਵੇਂ ਦੁਆਰ ਪਹੁੰਚ ਕੇ "ਤਹ ਅਨੇਕ ਰੂਪ ਨਾਊ ਨਵ ਨਿਧਿ" ਵਿਖੇ ਇਸ ਨੂੰ ਸੁਣਿਆ ਮਹਿਸੂਸਿਆ ਅਤੇ ਮਾਣਿਆ ਜਾ ਸਕਦਾ ਹੈ। ਸਾਰੀ ਪ੍ਰਕ੍ਰਿਤੀ ਜਲ ਥਲ, ਮਹਿਅਲ ਵਿਚ ਧੁਨੀ ਸਰਬਵਿਆਪਕ ਅਤੇ ਸਦੀਵਕਾਲ ਸੰਜੀਵ ਹੈ। ਇਹ ਕੁਦਰਤ ਦਾ ਅਨਮੋਲ ਕ੍ਰਿਸ਼ਮਾ ਹੈ। ਅਲੌਕਿਕ ਵਰਦਾਨ ਹੈ। "ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚ ਵਣਾ।" ਤਥਾ "ਊਰਮ ਧੂਰਮ ਜੋਤਿ ਉਜਾਲਾ॥ ਤੀਨਿ ਭਵਨ ਮਹਿ ਗੁਰ ਗੋਪਾਲਾ।" ਇਸ ਦੈਵੀ ਅਤੇ ਕੁਦਰਤੀ ਰਹੱਸ ਨੂੰ ਸਮਝਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਜਗਨਨਾਥਪੁਰੀ ਵਿਖੇ ਧਨਾਸਰੀ ਰਾਗ ਵਿਚ ਗਾਈ ਅਤੇ ਕਲਮਬੱਧ ਕੀਤੀ ਗਈ "ਆਰਤੀ" ਸਾਡੇ ਲਈ ਸਹਾਈ ਹੋ ਸਕਦੀ ਹੈ। ਗੁਰੂ ਜੀ ਜਿੱਥੇ ਅਕਾਲ ਪੁਰਖ ਦੀ ਅਨੰਤਤਾ, ਬੇਅੰਤਤਾ, ਅਥਾਹ, ਅਗਮ, ਅਗੋਚਰ ਸ਼ਕਤੀ ਵੱਲ ਧਿਆਨ ਦਿਵਾਉਂਦੇ ਹਨ ਉਥੇ ਸਾਰਾ ਬ੍ਰਹਿਮੰਡ ਦੀ ਉਸ ਦੈਵੀ ਧੁਨੀ ਸਦਕਾ ਬਿਸਮਾਦੀ ਰੰਗ ਵਿਚ ਝੂਮਦਾ ਅਤੇ ਉਸ "ਅਕਾਲ ਪੁਰਖ" ਪਰਮਸਤਿ ਦੀ ਆਰਤੀ ਗਾਉਂਦਾ ਦਰਸਾਇਆ ਹੈ। ਗੁਰ ਸ਼ਬਦ ਨਿਮਨ ਅਨੁਸਾਰ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥

ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥

(ਪੰਨਾ ੧੩)

ਮਨੁੱਖੀ ਸਰੀਰ ਪ੍ਰਕ੍ਰਿਤੀ ਦੇ ਪੰਜਾ ਤੱਤਾਂ ਤੋਂ ਬਣਿਆ ਹੋਇਆ ਹੈ ਅਤੇ ਇਸ ਅੰਦਰ ਅਕਾਲ ਪੁਰਖ ਦੀ ਜੋਤਿ ਅਤੇ ਧੁਨੀ ਹਮੇਸ਼ਾ ਹੀ ਪ੍ਰਜਵਲਿਤ ਹੈ। "ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥" ਦੋਹਾਂ ਦਾ ਇਕਸਾਰ ਵਿਕਸਿਤ ਹੋਣਾ ਹੀ ਇਕ ਸੰਤੁਲਿਤ ਅਤੇ ਖੁਸ਼ਹਾਲ ਜੀਵਨ ਦਾ ਜਾਮਨ ਹੋ ਸਕਦਾ ਹੈ। ਇਕ ਦੀ ਖਾਤਰ ਦੂਜੇ ਨੂੰ ਅਣਗੋਲਿਆ ਕਰਨ ਨਾਲ ਸੰਤੁਲਤ ਵਿਗਾੜ ਜਾਏਗਾ ਅਤੇ ਢੇਰ ਸਾਰੀਆਂ ਦੁਸ਼ਵਾਰੀਆਂ ਪੈਦਾ ਹੋ ਜਾਣਗੀਆਂ। ਜ਼ਿੰਦਗੀ ਸਵਰਗ ਦੀ ਥਾਂ ਨਰਕ ਹੀ ਬਣ ਜਾਵੇਗੀ। ਸੰਗੀਤ ਰੂਹ ਦੇ ਸੁਜੱਗ ਅਤੇ ਸੰਜੀਵ ਹੋਣ ਦਾ ਜਾਮਨ ਵੀ ਹੈ। ਸੰਗੀਤ ਨਿਮਰਤਾ, ਹਲੀਮੀ, ਪ੍ਰੇਮ, ਪਿਆਰ, ਸਦਾਚਾਰ, ਸੰਜਮ, ਸੁਸ਼ੀਲਤਾ, ਸਦਭਾਵਨਾ, ਸਥਿਰਤਾ, ਸਹਿਣਸ਼ੀਲਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਦਾ ਲਖਾਇਕ ਹੈ। ਸੰਗੀਤ ਆਤਮਿਕ ਬਲ ਦਾ ਇਕ ਅਹਿਮ ਸਾਧਨ ਅਤੇ ਸ੍ਰੋਤ ਹੈ। (ਚਲਦਾ)

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਪਿਛਲੇ ਅੰਕ ਦੀ ਬਾਕੀ

# ਸੀਸ ਦੀਆ ਪਰ ਸਿਰਰੁ ਨਾ ਦੀਆ

ਕਰਮ ਸਿੰਘ ਰਤਨ

ਉਸ ਸਮੇਂ ਔਰੰਗਜ਼ੇਬ ਬਾਦਸ਼ਾਹ ਦਾ ਰਾਜ ਸੀ ਅਤੇ ਇਹ ਬਹੁਤ ਮੁਤੱਸਬੀ ਅਤੇ ਜ਼ਾਲਮ ਬਾਦਸ਼ਾਹ ਸੀ ਇਸ ਨੇ ਭਾਰਤੀਆਂ ਤੇ ਇਹ ਹੁਕਮ ਲਾਗੂ ਕਰ ਦਿੱਤੇ ਸਨ ਕਿ ਮੁਸਲਮਾਨਾਂ ਤੋਂ ਬਿਨਾਂ ਕੋਈ ਘੋੜੇ ਤੇ ਸਵਾਰੀ ਨਹੀਂ ਕਰ ਸਕਦਾ, ਕੋਈ ਬਾਜ ਨਹੀਂ ਰੱਖ ਸਕਦਾ। ਕੋਈ ਕਲਗੀ ਨਹੀਂ ਲਗਾ ਸਕਦਾ, ਕੋਈ ਤਖਤ ਤੇ ਬੈਠ ਕੇ ਸਭਾ ਨਹੀਂ ਲਗਾ ਸਕਦਾ। ਮੁਗਲਾਂ ਤੋਂ ਬਿਨਾਂ ਹੋਰ ਕਿਸੇ ਦਾ ਤਖਤ ਨਹੀਂ ਹੋ ਸਕਦਾ। ਕੋਈ ਵੀ ਨਗਾਰਾ ਨਹੀਂ ਵਜਾ ਸਕਦਾ। ਕੋਈ ਫੌਜ ਨਹੀਂ ਰਖ ਸਕਦਾ, ਕੋਈ ਸ਼ਸਤਰਧਾਰੀ ਨਹੀਂ ਹੋ ਸਕਦਾ। ਇਥੋਂ ਤਕ ਕਿ ਭਾਰਤ ਦੇ ਹਿੰਦੂਆਂ ਨੂੰ ਇਹ ਹੁਕਮ ਸੀ ਕਿ ਜਦੋਂ ਕੋਈ ਮੁਗਲ ਥੁਕਣਾ ਚਾਹਵੇ ਤਾਂ ਹਿੰਦੂ ਆਪਣਾ ਮੂੰਹ ਖੋਲ੍ਹ ਦੇਵੇ ਤੇ ਮੁਗਲ ਉਸ ਦੇ ਮੂੰਹ ਵਿਚ ਥੁੱਕ ਸਕਦਾ ਹੈ ਤੇ ਜਦੋਂ ਇਹ ਸਾਰੀਆਂ ਗੱਲਾਂ ਦਾ ਦਸਮ ਪਾਤਸ਼ਾਹ ਜੀ ਨੂੰ ਪਤਾ ਲੱਗੀਆਂ ਤਾਂ ਉਹਨਾਂ ਨੇ ਇਹ ਫੈਸਲਾ ਕੀਤਾ ਕਿ ਭਾਰਤੀਆਂ ਦੀ ਅਣਖ ਨੂੰ ਜਗਾਣਾ ਹੈ ਤਾਂ ਸਤਿਗੁਰ ਜੀ ਨੇ ਇਹ ਸਭ ਉਪਰੋਕਤ ਹੁਕਮਾਂ ਦੇ ਜਵਾਬ ਵਿਚ ਇਹ ਹੁਕਮ ਕੀਤਾ ਕਿ ਗੁਰੂ ਕਾ ਖਾਲਸਾ ਤਖਤ ਤੇ ਵੀ ਬੈਠੇਗਾ। ਖਾਲਸਾ ਕਲਗੀ ਵੀ ਸਜਾਏਗਾ, ਖਾਲਸਾ ਦਾ ਤਖਤ ਵੀ ਹੋਵੇਗਾ। ਖਾਲਸਾ ਬਾਜ ਵੀ ਰੱਖਗਾ। ਖਾਲਸਾ ਘੋੜੇ ਦੀ ਸਵਾਰੀ ਵੀ ਕਰੇਗਾ। ਖਾਲਸਾ ਰਣਜੀਤ ਨਗਾਰਾ ਵਜਾਏਗਾ। ਅਸੀਂ ਫੌਜ ਵੀ ਰੱਖਾਂਗੇ, ਅਸੀਂ ਸ਼ਸਤਰ ਵੀ ਸਜਾਵਾਂਗੇ। ਅਸੀਂ ਦਰਬਾਰ ਵੀ ਲਾਵਾਂਗੇ ਅਤੇ ਇਹ ਸਾਰੇ ਕੰਮ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਕੇ ਦਿਖਾਏ। ਇਹ ਸਾਰੀਆਂ ਗੱਲਾਂ, ਸਾਰੇ ਕਰਤਬ ਅਣਖ ਬਚਾਉਣ ਲਈ ਸਨ ਤੇ ਜ਼ਾਲਮ ਸਰਕਾਰ ਨੂੰ ਇਹਨਾਂ ਗੱਲਾਂ ਦਾ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਨੇ ਸਾਡੇ ਸਾਰੇ ਹੁਕਮ ਰੱਦ ਕਰਕੇ, ਸਾਡੇ ਤੋਂ ਉਲਟ ਸਾਰੇ ਕੰਮ ਕੀਤੇ ਹਨ, ਤਾਂ ਉਹ ਇਹ ਸਾਰੀਆਂ ਗੱਲਾਂ ਬਰਦਾਸ਼ਤ ਨਹੀਂ ਕਰ ਸਕੇ ਤੇ ਬੋਖਲਾ ਗਏ ਕਿ ਇਹ ਕੀ ਹੋ ਗਿਆ। ਗੁਰੂ ਗੋਬਿੰਦ ਸਿੰਘ ਨੇ ਮੁਗਲ ਰਾਜ ਨੂੰ ਚੈਲੇਂਜ ਕਰ ਦਿੱਤਾ ਹੈ? ਇਹ ਸੋਚ ਕੇ ਮੁਗਲ ਰਾਜ ਨੇ, ਬੇ ਅਣਖੀਏ ਤੇ ਬੇ ਗੈਰਤਮੰਦ ਬਾਈਧਾਰ ਦੇ ਹਿੰਦੂ ਰਾਜਿਆਂ ਨੂੰ, ਗੁਰੂ ਗੋਬਿੰਦ ਸਿੰਘ ਦਾ ਹਊਆ ਦਿਖਾ ਕੇ ਆਪਣੇ ਨਾਲ ਮਿਲਾ ਲਿਆ ਤੇ ਉਹਨਾਂ ਦੀ ਫੌਜਾਂ ਨੂੰ ਵੀ ਨਾਲ ਮਿਲਾ ਕੇ, ਸ੍ਰੀ ਆਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ। ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਮੁਗਲ ਰਾਜ ਦਾ ਟਾਕਰਾ ਕਰਨ ਦੀ ਜ਼ੁਅੱਰਤ ਕੀਤੀ ਹੈ। ਇਸ ਲਈ ਇਹਨਾਂ ਨੂੰ ਖਤਮ ਕਰ ਦੇਣੈ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਮੁਗਲ ਰਾਜ ਵਿਰੁੱਧ ਬਗਾਵਤ ਕੀਤੀ ਹੈ। ਸੋ ਇਸ ਲਈ, ਸਾਰੇ ਹਿੰਦੁਸਤਾਨ ਦੇ ਮੁਗਲ ਰਾਜ ਦੀਆਂ ਫੌਜਾਂ ਅਤੇ ਬਾਈ ਧਰ ਦੇ ਰਾਜਿਆਂ ਦੀ ਫੌਜਾਂ ਨੇ ਮਿਲ ਕੇ ਆਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ, ਤੇ ਤਕਰੀਬਨ ਤਿੰਨ ਸਾਲ ਦਾ ਸਮਾਂ ਬੇ ਅਣਖੀਲੇ ਤੇ ਬੇਗੈਰਤੀਆਂ ਨੇ ਆਨੰਦਪੁਰ ਨੂੰ ਘੇਰਾ ਪਾਈ ਰੱਖਿਆ ਤੇ ਕਈ ਜੰਗਾਂ ਵੀ ਹੋਈਆਂ ਪਰ ਜਿਹਨਾਂ ਨੇ ਪਹਿਲਾਂ ਹੀ ਸਿਰ ਤਲੀ

ਤੇ ਰੱਖ ਕੇ ਗੁਰੂ ਨੂੰ ਭੇਟਾ ਕਰ ਚੁੱਕੇ ਸਨ ਅਤੇ ਅਣਖ ਲਈ ਲੜ ਰਹੇ ਸਨ, ਉਹਨਾਂ ਮਰਜੀਵੜਿਆਂ ਨੂੰ ਹਰਾ ਦੇਣ ਦੀ, ਬੇਗੈਰਤੀਆਂ ਵਿਚ ਹਿੰਮਤ ਨਹੀਂ ਸੀ ਅਤੇ ਇਹਨਾਂ ਫੌਜਾਂ ਨੇ ਬਾਹਰੋਂ ਹਰ ਚੀਜ਼ ਕਿਲੇ ਵਿਚ ਜਾਣੀ ਬੰਦ ਕਰ ਦਿੱਤੀ। ਰਾਸ਼ਨ ਜਾਣਾ ਬੰਦ ਕਰ ਦਿੱਤਾ, ਕੋਈ ਅੰਦਰੋਂ ਬਾਹਰ ਨਹੀਂ ਸੀ ਆ ਸਕਦਾ, ਕੋਈ ਬਾਹਰੋਂ ਅੰਦਰ ਨਹੀਂ ਸੀ ਜਾ ਸਕਦਾ। ਅੰਦਰ ਜੋ ਕੁਝ ਹੀ ਹੈ ਸੀ, ਉਹ ਸਭ ਸਿੰਘ ਛਕ ਚੁੱਕੇ ਸਨ। ਸਿੰਘ ਕਈ ਕਈ ਦਿਨ ਕਟ ਕੇ ਵੀ ਚੜ੍ਹਦੀ ਕਲਾ ਵਿਚ ਸਨ। ਜਦੋਂ ਜ਼ਾਲਮਾਂ ਦੀ ਕੋਈ ਪੇਸ਼ ਨਾ ਚੱਲੀ ਤਾਂ ਇਹਨਾਂ ਨੇ ਝੂਠ ਦਾ ਸਹਾਰਾ ਲਿਆ। ਜੋ ਹਿੰਦੂ ਰਾਜੇ ਸਨ, ਉਹਨਾਂ ਨੇ ਆਟੇ ਦੀ ਗਊ ਬਣ ਕੇ ਅਤੇ ਮੁਗਲਾਂ ਨੇ ਥਾਲੀ ਵਿਚ ਕੁਰਾਨ ਰੱਖ ਕੇ ਤੇ ਗੁਰੂ ਗੋਬਿੰਦ ਸਿੰਘ ਪਾਸ ਆਪਣੇ ਬੰਦੇ ਭੇਜੇ ਕਿ ਅਸੀਂ ਮੁਸਲਮਾਨ ਕੁਰਾਨ ਦੀ ਕਸਮ ਖਾਂਦੇ ਹਾਂ ਤੇ ਹਿੰਦੂ ਗਊ ਦੀ ਕਸਮ ਖਾਂਦੇ ਹਨ, ਕਿ ਤੁਸੀਂ ਕਿਲਾ ਅਨੰਦਪੁਰ ਖਾਲੀ ਕਰ ਦਿਉ, ਅਸੀਂ ਤੁਹਾਨੂੰ ਕੁਛ ਨਹੀਂ ਕਹਾਂਗੇ, ਸਿਰਫ ਤੁਸੀਂ ਕਿਲਾ ਛੱਡ ਕੇ, ਕਿਤੇ ਹੋਰ ਪਾਸੇ ਚਲੇ ਜਾਉ ਅਤੇ ਕਸਮਾਂ ਉਹੀ ਲੋਕ ਖਾਂਦੇ ਹਨ ਜੋ ਝੂਠੇ ਤੇ ਮੱਕਾਰ ਤੇ ਬੇਗੈਰਤ ਲੋਕ ਹੁੰਦੇ ਹਨ। ਸੱਚਾ ਅਤੇ ਅਣਖੀ ਬੰਦ ਕਦੇ ਵੀ ਝੂਠ ਨਹੀਂ ਬੋਲਦਾ ਤੇ ਨਾ ਹੀ ਕਸਮ ਖਾਂਦਾ ਹੈ। ਸੋ ਗੁਰੂ ਸਾਹਿਬ ਜੀ ਨੇ ਇਹਨਾਂ ਦੀ ਕਸਮਾਂ ਤੇ ਕੋਈ ਇਤਬਾਰ ਨਹੀਂ ਕੀਤਾ। ਤੇ ਸਾਫ ਤੌਰ ’ਤੇ ਜਵਾਬ ਭੇਜ ਦਿੱਤਾ ਕਿ ਸਾਨੂੰ ਤੁਹਾਡੀਆਂ ਕਸਮਾਂ ਤੇ ਕੋਈ ਭਰੋਸਾ ਨਹੀਂ, ਪਰ ਕੁਛ ਸਿੱਖ ਜੋ ਇਤਨੇ ਦਿਨਾਂ ਤੋਂ ਭੁੱਖ ਨਾਲ ਜੂਝ ਰਹੇ ਸਨ।ਉਹਨਾਂ ਸਤਿਗੁਰ ਜੀ ਤੇ ਥੋੜ੍ਹਾ ਜ਼ੋਰ ਪਾਇਆ ਕਿ ਉਹ ਕਸਮਾਂ ਖਾ ਰਹੇ ਹਨ, ਇਸ ਲਈ ਆਪਾਂ ਕਿਲਾ ਛੱਡ ਦੇਈਏ। ਪਰ ਸਤਿਗੁਰ ਨੇ ਸਮਝਾਇਆ ਕਿ ਉਹ ਝੂਠੇ ਹਨ। ਪਰ ਸਿੱਖ ਫਿਰ ਵੀ ਨਹੀਂ ਮੰਨੇ ਤਾਂ ਸਤਿਗੁਰ ਜੀ ਨੇ ਸਿੱਖਾਂ ਨੂੰ ਉਹਨਾਂ ਦੀ ਕਸਮਾਂ ਦਾ ਸਬੂਤ ਦੇਣ ਲਈ ਇਕ ਕੌਤਕ ਰਚਿਆ, ਸਤਿਗੁਰ ਜੀ ਨੇ ਬਹੁਤ ਸਾਰੀਆਂ ਬੋਰੀਆਂ ਵਿਚ, ਇੱਟਾਂ ਰੋੜ ਤੇ ਟੁੱਟੀਆਂ ਹੋਈਆਂ ਜੁੱਤੀਆਂ ਤੇ ਟੁੱਟੇ ਭੱਜੇ ਭਾਂਡੇ ਭਰ ਕੇ, ਤੇ ਕੂੜ ਕਬਾੜ ਭਰ ਕੇ, ਖੱਚਰਾਂ ਤੇ ਲੱਦ ਕੇ, ਕਿਲੇ ਤੋਂ ਬਾਹਰ ਭੇਜ ਦਿੱਤੀਆਂ, ਤੇ ਇਕ ਪਹਾੜੀਏ ਪਾਸੋਂ ਰੌਲਾ ਪਵਾ ਦਿੱਤਾ ਕਿ ਗੁਰੂ ਸਾਹਿਬ ਨੇ ਆਨੰਦਪੁਰ ਛੱਡਣ ਲਈ ਆਪਣਾ ਸਮਾਨ ਲੁੱਟਣ ਲਈ ਖੱਚਰਾਂ ਤੇ ਹਮਲਾ ਕਰ ਦਿੱਤਾ ਤੇ ਸਾਰਾ ਸਮਾਨ ਲੁੱਟ ਕੇ ਲੈ ਗਏ, ਪਰ ਜਦੋਂ ਬੋਰੀਆਂ ਖੋਲ੍ਹੀਆਂ ਤੇ ਕੂੜ ਕਬਾੜ ਦੇਖ ਕੇ ਬੜੇ ਸ਼ਰਮਿੰਦੇ ਹੋਏ। ਪਰ ਫਿਰ ਸਤਿਗੁਰੂ ਅੱਗੇ ਝੂਠੀਆਂ ਕਸਮਾਂ ਖਾ ਕੇ ਸਨੇਹੇ ਭੇਜਦੇ ਰਹੇ ਕਿ ਤੁਸੀਂ ਖਾਲੀ ਕਰ ਦਿਉ ਅਸੀਂ ਤੁਹਾਨੂੰ ਕੁਛ ਨਹੀਂ ਕਰਾਂਗੇ। ”

ਪਰ ਕਈ ਸਿੱਖਾਂ ਤੇ ਮਾਤਾ ਗੁਜਰੀ ਜੀ ਦਾ ਜ਼ੋਰ ਦੇਣ ਤੇ ਸਤਿਗੁਰ ਜੀ ਨੇ ਕਿਲ੍ਹਾ ਛੱਡਣ ਦਾ ਫੈਸਲਾ ਕਰ ਲਿਆ। ਤੇ 6 ਪੋਹ 20 ਦਸੰਬਰ ਸੰਨ ਈਸਵੀ 1704 ਨੂੰ ਸਤਿਗੁਰ ਜੀ ਨੇ ਆਨੰਦਪੁਰ ਛੱਡ ਦਿੱਤਾ, ਸਤਿਗੁਰ ਜੀ ਦੀ ਪਹਿਲੀ ਸੁਪਤਨੀ ਮਾਤਾ ਜੀਤੋ ਜੀ, ਆਨੰਦਪੁਰ ਛੱਡਣ ਤੋਂ ਪਹਿਲਾ ਹੀ ਸਵਰਗਵਾਸ ਹੋ ਚੁੱਕੀ ਸੀ। ਬਾਕੀ ਮਾਤਾ ਸਾਹਿਬ ਕੌਰ ਜੀ ਨੂੰ ਭਾਈ ਮਨੀ ਸਿੰਘ ਜੀ ਦੇ ਹਵਾਲੇ ਕਰ ਦਿੱਤਾ ਕਿ ਇਹਨਾਂ ਨੂੰ ਕਿਸੇ ਸੁਰੱਖਿਅਤ ਜਗ੍ਹਾ ਤੇ ਦਿੱਲੀ ਵਿਖੇ ਲੈ ਜਾਉ, ਉਥੇ ਕੁਛ ਸਿੱਖ ਗੁਰੂ ਘਰ ਦੇ ਸ਼ਰਧਾਵਾਨ ਸਿੱਖ ਹਨ, ਜੋ ਇਹਨਾਂ ਦੀ ਰੱਖਿਆ ਕਰਨਗੇ। ਅਤੇ ਸਤਿਗੁਰ ਜੀ ਤੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਅਤੇ ਹੋਰ ਪ੍ਰਵਾਹ ਦੇ ਕੁਛ ਸਿੰਘ ਗੁਰੂ ਸਾਹਿਬ ਜੀ ਦੇ ਨਾਲ ਸਨ, ਆਪ ਜੀ ਰੋਪੜ ਵਾਲੇ ਪਾਸੇ ਨੂੰ ਜਾ ਰਹੇ ਸਨ ਅਤੇ ਜਦੋਂ ਆਪ ਜੀ ਸਰਸਾ ਨਦੀ ਪਾਰ ਕਰਨ ਲੱਗੇ, ਤਾਂ ਪਿੱਛੋਂ ਜ਼ਾਲਮਾਂ ਦੀ

ਫੌਜ਼ਾਂ ਨੇ ਕਸਮਾਂ ਖਾਧੀਆਂ ਹੋਈਆਂ ਤੋੜ ਕੇ ਸਾਹਿਬ ਜੀ ਤੇ ਹਮਲਾ ਕਰ ਦਿੱਤਾ ਅਤੇ ਏਥੇ ਸਰਸਾ ਦੇ ਕਿਨਾਰੇ ਤੇ ਬਾਬਾ ਅਜੀਤ ਸਿੰਘ ਜੀ ਨੇ ਤੇ ਕੁਛ ਸਿੰਘਾਂ ਨੂੰ ਨਾਲ ਲੈ ਕੇ ਵੈਰੀ ਦਲ ਦਾ ਡਟ ਕੇ ਮੁਕਾਬਲਾ ਕੀਤਾ ਤੇ ਉਹਨਾਂ ਦਾ ਰਾਹ ਰੋਕੀ ਰੱਖਿਆ ਤੇ ਬਹੁਤ ਦੇਰ ਤਕ ਡੱਟ ਕੇ ਲੜਦੇ ਰਹੇ ਤੇ ਵੈਰੀਆਂ ਨੂੰ ਅਗਾਂਹ ਵਧਣ ਤੋਂ ਰੋਕ ਰੱਖਿਆ ਤੇ ਜਦੋਂ ਗੁਰੂ ਸਾਹਿਬ ਜੀ, ਤੇ ਹੋਰ ਸਿੰਘ ਤੇ ਸਾਰਾ ਪ੍ਰਵਾਰ ਸਰਸਾ ਨਦੀ ਪਾਰ ਹੋ ਗਏ ਤਾਂ ਬਾਬਾ ਅਜੀਤ ਸਿੰਘ ਜੀ ਵੀ ਨਦੀ ਪਾਰ ਕਰਕੇ ਉਹਨਾਂ ਦੇ ਨਾਲ ਜਾ ਮਿਲੇ ਅਤੇ ਜਦੋਂ ਗੁਰੂ ਸਾਹਿਬ ਜੀ ਅਤੇ ਸਾਰਾ ਪ੍ਰਵਾਰ ਨੇ ਸਰਸਾ ਨਦੀ ਪਾਰ ਪਾਰ ਕੀਤੀ ਤਾਂ ਉਸ ਸਮੇਂ ਰਾਤ ਦਾ ਵਕਤ ਸੀ ਅਤੇ ਇਸ ਹਫੜਾ ਦਫੜੀ ਵਿਚ ਗੁਰੂ ਸਾਹਿਬ ਦੀ ਮਾਤਾ, ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਜਿਹਨਾਂ ਦੀ ਉਮਰ ਉਸ ਵੇਲੇ ਕ੍ਰਮਵਾਰ ਅੱਠ ਅਤੇ ਛੇ ਸਾਲ ਦੀ ਸੀ, ਇਹ ਪ੍ਰਵਾਰ ਗੁਰੂ ਸਾਹਿਬ ਜੀ ਤੋਂ ਵਿਛੜ ਗਿਆ ਅਤੇ ਥੋੜ੍ਹੀ ਦੂਰ ਅੱਗੇ ਜਾ ਕੇ ਗੁਰੂ ਸਾਹਿਬ ਦਾ ਆਪਣਾ ਰਸੋਈਆ ਗੰਗੂ ਬ੍ਰਾਹਮਣ ਇਹਨਾਂ ਨੂੰ ਆ ਮਿਲਿਆ ਅਤੇ ਉਹ ਇਹਨਾਂ ਨੂੰ ਮਾਤਾ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਵਿਖੇ ਆਪਣੇ ਘਰ ਲੈ ਗਿਆ।"

ਏਧਰ ਗੁਰੂ ਸਾਹਿਬ ਜੀ ਅਤੇ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਕੁਛ ਸਿੰਘਾਂ ਸਮੇਤ ਸਰਸਾ ਨਦੀ ਪਾਰ ਕਰਕੇ ਰੋਪੜ ਵੱਲ ਨੂੰ ਚਲ ਪਏ ਅਤੇ ਕੁਝ ਦੇਰ ਰੋਪੜ ਦੇ ਕੋਲ ਪਿੰਡ ਕੋਟਲਾ ਅਤੇ ਗੁਰਦੁਆਰਾ ਭੱਠਾ ਸਾਹਿਬ ਵਾਲੇ ਅਸਥਾਨ ਤੇ ਤੇ ਰੁੱਕ ਕੇ ਫਿਰ ਪਿੰਡ ਚਮਕੌਰ ਵੱਲ ਨੂੰ ਚਲ ਪਏ ਅਤੇ ਜਦੋਂ ਚਮਕੌਰ ਪਹੁੰਚੇ ਤਾਂ ਇਥੇ ਇਕ ਸਿੱਖ ਨੇ ਆਪਣੀ ਕਿਲੇ ਵਰਗੀ ਗੜ੍ਹੀ (ਹਵੇਲੀ) ਉਹ ਸਤਿਗੁਰ ਜੀ ਨੂੰ ਭੇਟਾ ਕਰ ਦਿੱਤੀ, ਸੋ ਇਸ ਗੜ੍ਹੀ ਤੇ ਮੋਰਚੇ ਬਣਾ ਕੇ ਸਤਿਗੁਰ ਜੀ ਨੈ ਵੈਰੀ ਦਲ ਨਾਲ ਟੱਕਰ ਲੈਣ ਦਾ ਪ੍ਰੋਗਰਾਮ ਬਣਾਇਆ। ਕਿਉਂਕਿ ਮੁਗਲ ਫੌਜ ਅਤੇ ਬਾਈਧਾਰ ਦੇ ਰਾਜੇ, ਜਿਹਨਾਂ ਨੂੰ ਛੇਵੇ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿੱਲ੍ਹੇ ਤੋਂ ਆਜ਼ਾਦ ਕਰਵਾਇਆ ਸੀ, ਉਹ ਰਾਜੇ ਸਾਰੇ ਹੀ ਸਤਿਗੁਰ ਦਾ ਉਪਕਾਰ ਭੁਲਾ ਕੇ, ਤੇ ਅਕ੍ਰਿਤਘਣ ਹੋ ਗਏ ਤੇ ਸਤਿਗੁਰ ਨਾਲ ਸਾਰੀਆਂ ਕਸਮਾਂ ਕੀਤੀਆਂ ਵੀ ਭੁਲਾ ਦਿੱਤੀਆਂ ਅਤੇ ਸਤਿਗੁਰ ਜੀ ਤੇ ਹਮਲਾ ਕਰਦੇ ਕਰਦੇ ਪਿੱਛੇ ਪਿੱਛੇ ਆ ਰਹੇ ਸਨ। ਇਸ ਲਈ ਸਤਿਗੁਰ ਜੀ ਨੇ ਇਸ ਚਮਕੌਰ ਦੀ ਗੜ੍ਹੀ ਨੂੰ ਸਹੀ ਸਮਝ ਕੇ, ਏਥੇ ਵੈਰੀ ਦਲ ਦਾ ਡਟ ਕੇ ਟਾਕਰਾ ਕੀਤਾ। ਇਸ ਸਮੇਂ ਆਪ ਜੀ ਦੇ ਨਾਲ 40 ਸਿੰਘ ਅਤੇ ਦੋਵੇਂ ਵੱਡੇ ਸਾਹਿਬਜ਼ਾਦੇ ਸਨ ਅਤੇ ਏਥੇ ਜੋ ਦੁਸ਼ਮਨ ਦੀ ਫੌਜ ਸੀ, ਉਸ ਦੀ ਗਿਣਤੀ ਸਾਖੀਕਾਰਾਂ ਨੇ ਦਸ ਲੱਖ ਦੇ ਕਰੀਬ ਦੱਸੀ ਹੈ ਕਿਉਂਕਿ ਝੂਠੇ ਅਤੇ ਮੱਕਾਰ ਤੇ ਬੇਅਣਖੀਲੇ ਤੇ ਬੇ ਗੈਰਤੀਏ ਲੋਕਾਂ ਦੀ ਗਿਣਤੀ ਸਦਾ ਹੀ ਜ਼ਿਆਦਾ ਹੁੰਦੀ ਹੈ ਅਤੇ ਸੱਚੇ ਬੰਦੇ ਸਦਾ ਹੀ ਥੋੜ੍ਹੇ ਹੁੰਦੇ ਹਨ। ਦੁਨੀਆਂ ਦੇ ਇਤਿਹਾਸ ਵਿਚ ਇਤਨੀ ਅਸਾਵੀਂ ਜੰਗ ਕਦੇ ਨਹੀਂ ਹੋਈ ਕਿ ਇਕ ਪਾਸੇ ਦਸ ਲੱਖ ਤੇ ਇਕ ਪਾਸੇ ਸਿਰਫ ਚਾਲੀ ਸਿੰਘ ਅਤੇ ਇਹ ਜੋ ਚਾਲੀ ਸਿੰਘ ਸਨ, ਸਤਿਗੁਰ ਜੀ ਦੇ ਨਾਲ ਇਹ ਉਹ ਅਣਖੀਲੇ ਤੇ ਮਰਜੀਵੜੇ ਸੂਰਮੇ ਸਨ, ਜਿਹਨਾਂ ਨੇ ਮਨ ਬਚਨ ਕਰਮ ਤੋਂ ਇਹ ਧਾਰਿਆ ਹੋਇਆ ਸੀ ਕਿ (ਜਿਸ ਪਿਆਰੇ ਸਿਉ ਨੇਹੁ, ਤਿਸ ਆਗੇ ਮਥ ਚਲੀਐ। ਧ੍ਰਿਗ ਜੀਵਣ ਸੰਸਾਰ ਤਾਂ ਕੈ ਪਾਛੈ ਜੀਵਣਾ (ਮ: 2 ਪੰਨਾ 83) ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਮੇਂ ਇਹ ਰਣਨੀਤੀ ਬਣਾਈ ਕਿ ਪੰਜ ਪੰਜ ਸਿੰਘਾਂ ਦੇ ਜੱਥੇ ਬਣਾ ਕੇ ਸਿੰਘਾਂ ਨੂੰ ਸ਼ੁੱਧ ਦੇ ਮੈਦਾਨ ਵਿਚ ਭੇਜਦੇ ਅਤੇ ਸਤਿਗੁਰ ਜੀ ਆਪ ਵੀ ਗੜ੍ਹੀ ਦੇ ਉਪਰੋਂ ਤੀਰਾਂ ਦੀ ਬੁਛਾੜ ਕਰਦੇ ਸਨ।

ਸਤਿਗੁਰ ਜੀ ਦਾ ਇਕ ਇਕ ਤੀਰ, ਵੈਰੀ ਦਲ ਦੇ ਅਨਗਿਣਤ ਬੰਦਿਆਂ ਨੂੰ ਵਿੰਨ੍ਹ ਕੇ ਅੱਗੇ ਨਿਕਲ ਜਾਂਦਾ ਸੀ ਅਤੇ ਗੁਰੂ ਜੀ ਦੇ ਸਿੰਘ ਵੈਰੀ ਦਲ ਤੇ ਟੁੱਟ ਕੇ ਪੈ ਜਾਂਦੇ ਸਨ ਅਤੇ ਗੁਰੂ ਜੀ ਦਾ ਇਕ ਇਕ ਸਿੰਘ ਸੈਂਕੜੇ ਬੰਦਿਆਂ ਦਾ ਮੁਕਾਬਲਾ ਕਰਦਾ ਤੇ ਸੈਂਕੜੇ ਬੰਦਿਆਂ ਨੂੰ ਮੌਤ ਦੇ ਘਾਟ ਘਾਟ ਉਤਾਰ ਦਿੰਦਾ। ਕੋਈ ਵੀ ਸਿੰਘ ਕਿਸੇ ਇਕ ਬੰਦੇ ਦੇ ਵਾਰ ਨਾਲ ਨਹੀਂ ਮਾਰਿਆ ਬਲਕਿ ਵੈਰੀ ਦਲ ਦੇ ਕਈ ਬੰਦੇ ਇਕੱਠੇ ਹੋ ਕੇ ਜਦੋਂ ਘੇਰਦੇ ਸਨ ਤਾਂ ਵੀ ਸਿੰਘ ਕਈਆਂ ਨੂੰ ਮਾਰ ਕੇ ਸ਼ਹੀਦ ਹੁੰਦਾ ਸੀ। ਸਿੰਘਾਂ ਦੇ ਅੰਦਰ ਇਹ ਜੋ ਸ਼ਕਤੀ ਅਤੇ ਬਲ ਸੀ, ਇਹ ਉਸ ਅੰਮ੍ਰਿਤ ਦੀ ਸ਼ਕਤੀ ਸੀ, ਜੋ ਸਤਿਗੁਰ ਪਾਸੋਂ ਇਹਨਾਂ ਅੰਮ੍ਰਿਤ ਛਕਿਆ ਸੀ ਅਤੇ ਸਤਿਗੁਰ ਨੇ ਇਹ ਜੋ ਵਾਕ ਕਹਿਆ ਸੀ (ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ) ਇਹ ਵਾਕ ਸਿੰਘਾਂ ਨੇ ਪੂਰਾ ਕਰ ਦਿੱਤਾ।

ਇਸ ਤਰ੍ਹਾਂ ਜਦੋਂ ਲੜਦਿਆਂ ਲੜਦਿਆਂ ਸਿੰਘ ਥੋੜ੍ਹੇ ਰਹਿ ਗਏ ਤਾਂ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਜਿਹਨਾਂ ਦੀ ਉਮਰ ਉਸ ਵਕਤ 18 ਸਾਲ ਦੀ ਸੀ ਕਿਉਂਕਿ ਬਾਬਾ ਅਜੀਤ ਸਿੰਘ ਜੀ ਦਾ ਜਨਮ 23 ਮਾਘ ਸੰਮਤ 1743 ਅਤੇ ਈਸਵੀ ਸੰਨ 1686 ਵਿਚ ਸ੍ਰੀ ਪਾਉਂਟਾ ਸਾਹਿਬ ਦੇ ਅਸਥਾਨ ਤੇ ਹੋਇਆ ਸੀ ਉਸ ਸਮੇਂ ਸਤਿਗੁਰ ਜੀ ਪਹਾੜੀ ਰਾਜਿਆਂ ਨਾਲ ਭੰਗਾਣੀ ਦਾ ਜੰਗ ਜਿੱਤ ਕੇ ਆਏ ਸਨ ਅਤੇ ਪਰ ਵਾਪਸੀ ਤੇ ਸਾਹਿਬਜ਼ਾਦੇ ਦੇ ਜਨਮ ਦੀ ਖਬਰ ਸਤਿਗੁਰ ਜੀ ਨੂੰ ਮਿਲੀ ਤਾਂ ਉਹਨਾਂ ਨੇ ਜੰਗ ਦੀ ਜਿੱਤ ਦੀ ਖੁਸ਼ੀ ਵਿਚ ਸਾਹਿਬਜ਼ਾਦੇ ਦਾ ਨਾਮ ਅਜੀਤ ਸਿੰਘ ਰੱਖਿਆ ਸੀ। (ਚਲਦਾ)

**Simran Niwas, H. No. 425 Street No. 1, New Vasant Vihar, Kakowal Road Ludhiana (Punjab) 141 008, M : 9780708747**


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )



CHD 2723333 SALAD BAR 2723222
PKL 2579888 MOH 2264300

SCO 76-79,(First Floor) Sector 17-E, Chandigarh. Tel: 272322, 2723111, 2704858

PEPSI

CONTAINS NO FRUIT / CONTAINS ADDED FLAVOUR

# ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ॥

ਸੁਖਵਿੰਦਰ ਸਿੰਘ ਸਾਗਰ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਧਰਮ ਚਿੰਤਨ ਦੇ ਅਧਾਰ ਤੇ ਭਗਤੀ ਦੀ ਇੱਕ ਨਵੀਂ ਵਿਲੱਖਣ ਪ੍ਰਣਾਲੀ ਦੀ ਸਥਾਪਨਾ ਕੀਤੀ, ਜਿਸ ਦਾ ਨਾਮ ਗੁਰਮਤਿ ਸੰਗੀਤ ਹੈ ਗੁਰੂ ਸਾਹਿਬ ਜੀ ਨੇ ਸਰਬ ਲੋਕਾਈ ਨੂੰ ਸੋਧਨ ਲਈ ਸ਼ਬਦ ਕੀਰਤਨ ਦੀਆਂ ਸੰਗੀਤਕ ਧੁਨਾਂ ਨੂੰ ਅਪਣਾਇਆ ਕਿਹਾ ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ ਕਾਈ ਸਿਫਤ ਸਾਂਈ ਦੀ ਕਰੀਏ ਗੁਰੂ ਸਾਹਿਬ ਜੀ ਨੇ ਬਾਣੀ ਤੇ ਸੰਗੀਤ ਦੇ ਸੁਮੇਲ ਨਾਲ ਜੋ ਕੀਰਤਨ ਦੀ ਛਹਿਬਰ ਲਾਈ ਉਸ ਨਾਲ ਟੁੱਟੀਆਂ ਹੋਈਆਂ ਰੂਹਾਂ ਨੂੰ ਪ੍ਰਭੂ ਨਾਲ ਜੋੜ ਦਿੱਤਾ ਗੁਰਬਾਣੀ ਸੰਗੀਤ ਦੀ ਇਸ ਜੋਤੀ ਨੂੰ ਫਿਰ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜੋਤੀ ਨੂੰ ਜਗਾਈ ਰੱਖਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਨੂੰ ਸਿੱਖ ਧਰਮ ਦੇ ਅਧਾਰ ਸਰੋਤ ਅਤੇ ਇਸ਼ਟ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਣਾਇਆ ਤੇ ਗੁਰਬਾਣੀ ਕੀਰਤਨ ਨੂੰ ਪ੍ਰਮੁੱਖ ਤੇ ਸ਼ਬਦ ਪ੍ਰਧਾਨ ਦਰਜਾ ਦਿੱਤਾ।

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ॥

ਗੁਰਮਤਿ ਸੰਗੀਤ ਦੇ ਇਸ ਅਟੁਟ ਤੇ ਅਖੁਟ ਖਜਾਨੇ ਦੇ ਅਸੀਂ ਵਾਰਸ ਬਣ ਗਏ ਗੁਰੂ ਕਾਲ ਤੋਂ ਹੁਣ ਤੱਕ ਅਨੇਕਾਂ ਹੀ ਕੀਰਤਨੀਆਂ ਨੇ ਕੀਰਤਨ ਦੇ ਨਿਰਧਾਰਤ ਸਰੂਪ ਨੂੰ ਕਾਇਮ ਰੱਖਣ ਵਿੱਚ ਅਹਿਮ ਯੋਗਦਾਨ ਪਾਇਆ ਤੇ ਨਿਰੰਤਰ ਜਾਰੀ ਵੀ ਹੈ। ਗੁਰਮਤਿ ਸੰਗੀਤ ਗੁਰੂ ਦੀ ਮਤਿ ਅਨੁਸਾਰ ਭਾਵ ਕੇ ਗੁਰੂ ਸਾਹਿਬ ਵਲੋਂ ਬਣਾਏ ਸਿਧਾਤਾਂ ਅਨੁਸਾਰ ਸ਼ਬਦ ਕੀਰਤਨ ਕਰਨਾ ਹੀ ਗੁਰਮਤਿ ਸੰਗੀਤ ਹੈ। ਜਿਸ ਰਾਗ ਵਿੱਚ ਗੁਰੂ ਸਾਹਿਬ ਜੀ ਨੇ ਬਾਣੀ ਦਾ ਉਚਾਰਨ ਕੀਤਾ ਉਸੇ ਰਾਗ ਵਿੱਚ ਉਸ ਸ਼ਬਦ ਦਾ ਗਾਇਨ ਹੀ ਨਿਰਧਾਰਤ ਰਾਗ ਵਿੱਚ ਕੀਰਤਨ ਅਖਵਾਉਂਦਾ ਹੈ। ਅਜੋਕੇ ਸਮੇਂ ਬਹੁਤੇ ਸਾਰੇ ਰਾਗੀ ਜਥਿਆ ਨੂੰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਦਰਜ ਮੁਖ ੩੧ ਰਾਗਾਂ ਦੇ ਨਾਮਾ ਬਾਰੇ ਸ਼ਾਇਦ ਹੀ ਜਾਣਕਾਰੀ ਹੋਵੇ ਉਹ ਕਿਸ ਤਰਾਂ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰ ਸਕਣਗੇ ? ਅਸੀਂ ਮਨ ਮਤੀਏ ਤਾਂ ਕੁੱਝ ਹੋਰ ਹੀ ਕਰੀਂ ਜਾਂਦੇ ਹਾਂ। ਇਕ ਪਾਸੇ ਅਸੀਂ ਇਹ ਵੀ ਕਹੀ ਜਾਂਦੇ ਹਾਂ

ਕਿ ਪ੍ਰਾਣੀ ਮਾਤਰ ਨੂੰ ਬਾਣੀ ਵਿੱਚ ਵਾਧ ਘਾਟ ਕਰਨ ਦਾ ਕੋਈ ਵੀ ਅਖਤਿਆਰ ਨਹੀਂ, ਦੂਸਰੇ ਪਾਸੇ ਇਸ ਦੇ ਉਲਟ ਰਹਾਉ ਦੀ ਤੁਕ ਦਾ ਕੋਈ ਖਿਆਲ ਨਾ ਰੱਖਦੇ ਹੋਏ ਬਾਣੀ ਦੀਆਂ ਤੁਕਾਂ ਅੱਗੇ ਪਿਛੇ ਕਰ ਕੇ ਵਾਧੂ ਸਬਦ ਲਗਾ ਕੇ ਅਤਿ ਨੀਵੇਂ ਦਰਜੇ ਦੇ ਗਾਣਿਆ ਦੀਆਂ ਧੁਨਾਂ ਤੇ ਗੁਰਬਾਣੀ ਦਾ ਗਾਇਨ ਕਰੀਂ ਜਾਂਦੇ ਹਾਂ। ਕਈ ਰਾਗੀ ਸਿੰਘ ਕਹਿ ਦਿੰਦੇ ਹਨ ਕਿ ਸਵਰ ਤੇ ਸੱਤ ਹਨ ਉਹਨਾਂ ਵਿੱਚ ਹੀ ਗਾਇਨ ਕਰਨਾ ਹੈ, ਸਾਡਾ ਸਾਰਾ ਸੰਗੀਤ ਇਹਨਾਂ ਸੱਤ ਸਵਰਾਂ ਤੇ ਅਧਾਰਿਤ ਹੈ ਜਿਸ ਤਰਾਂ ਵੱਖ ਵੱਖ ਗਾਇਨ ਸ਼ੈਲੀਆ ਧਰੁਪਦ, ਧੁਮਾਰ, ਠੁਮਰੀ, ਤਰਾਨਾ, ਗਜ਼ਲ, ਭਜਨ, ਕਵਾਲੀ ਲੋਕ ਗੀਤ (ਹੀਰ,ਮਿਰਜਾ,ਕਾਫੀ,ਟੱਪਾ,ਬੋਲੀਆਂ) ਆਦਿ ਦਾ ਪ੍ਰਚਾਰ ਹੈ ਇਹਨਾਂ ਸਾਰੀਆਂ ਸ਼ੈਲੀਆਂ ਦੀ ਆਪੋ ਆਪਣੀ ਵੱਖਰੀ ਪਹਿਚਾਣ ਹੈ ਇਸੇ ਤਰਾਂ ਗੁਰਮਤਿ ਸੰਗੀਤ ਦੀ ਗਾਇਨ ਸ਼ੈਲੀ ਦੀ ਆਪਣੀ ਵੱਖਰੀ ਪਹਿਚਾਣ ਹੈ। ਸਾਨੂੰ ਗੁਰਬਾਣੀ ਦਾ ਗਾਇਨ ਕੀਰਤਨ ਸ਼ੈਲੀ ਅਨੁਸਾਰ ਹੀ ਕਰਨਾ ਚਾਹੀਦਾ ਹੈ ਨਾ ਕੇ ਗਜ਼ਲ ਕਵਾਲੀ, ਹੀਰ, ਮਿਰਜਾ ਆਦਿ ਧੁਨਾਂ ਤੇ।।

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬ ਕਰੰਤ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰਾਗ ਵਿਲੱਖਣ ਹਨ। ਇਹਨਾਂ ਦਾ ਪ੍ਰਯੋਗ ਬਾਣੀ ਦੇ ਭਾਵਾਂ ਦੇ ਅਨੁਕੂਲ ਕੀਤਾ ਗਿਆ ਹੈ। ਗੰਭੀਰ ਤੇ ਕਰੁਣਾ ਭਾਵ ਲਈ ਰਾਗ ਸਿਰੀ, ਗਉੜੀ, ਰਾਮਕਲੀ ਤੇ ਭੈਰਉ ਆਦਿ, ਖੁਸ਼ੀ ਦੇ ਭਾਵ ਲਈ ਬਿਲਾਵਲ, ਸੂਹੀ, ਬਿਹਾਗੜਾ, ਬਸੰਤ ਤੇ ਮਲਾਰ ਆਦਿ, ਭਗਤੀ ਭਾਵਾਂ ਲਈ ਗੂਜਰੀ, ਧਨਾਸਰੀ, ਸੋਰਠਿ, ਆਦਿ ਉਤਸ਼ਾਹ ਭਾਵ ਲਈ ਮਾਝ, ਆਸਾ, ਪ੍ਰਭਾਤੀ ਆਦਿ।

ਹਰ ਇਕ ਰਾਗ ਦੀ ਆਪੋ ਆਪਣੀ ਪ੍ਰਕਿਰਤੀ ਹੈ ਜਿਨ੍ਹਾਂ ਰਾਗਾਂ ਨੂੰ ਗੁਰੂ ਸਾਹਿਬ ਜੀ ਨੇ ਸਨਮਾਨਿਤ ਕੀਤਾ ਹੈ ਉਹਨਾਂ ਰਾਗਾਂ ਵਿੱਚ ਕੀਰਤਨ ਕਰਨਾ ਗੁਰੂ ਦੇ ਕੀਰਤਨੀਆਂ ਦਾ ਫਰਜ਼ ਬਣਦਾ ਹੈ। ਇਹ ਤਾਂ ਕੋਈ ਜ਼ਰੂਰੀ ਨਹੀ ਕੇ ਕਠਿਨ ਤੋਂ ਕਠਿਨ ਤਾਲਾਂ ਵਿੱਚ ਹੀ ਕੀਰਤਨ ਕੀਤਾ ਜਾਵੇ ਤਾਲ ਦੀ ਸੋਝੀ ਅਨੁਸਾਰ ਜਿਸ ਵਿੱਚ ਰਾਗੀ ਸਿੰਘ ਅਰਾਮ ਨਾਲ ਗਾਇਨ ਕਰ ਸਕਦੇ ਹੋਣ ਉਸ ਵਿੱਚ ਗਾਇਨ ਕੀਤਾ ਜਾ ਸਕਦਾ ਹੈ ਬਾਣੀ ਸਪੱਸ਼ਟ ਸਮਝ ਆਉਣੀ ਚਾਹੀਦੀ ਹੈ। ਜਿਹੜੇ ਰਾਗੀ ਜਥੇ ਗਾਣਿਆਂ ਤੇ ਧੁਨਾਂ ਤੇ ਗੁਰਬਾਣੀ ਦਾ ਗਾਇਨ ਕਰ ਸਕਦੇ ਹਨ ਗੁਰੂ ਸਾਹਿਬ ਜੀ ਵਲੋਂ ਸਨਮਾਨਿਤ ਰਾਗਾਂ ਵਿੱਚ ਗਾਇਨ ਕਿਉਂ ਨਹੀ ਕਰ ਸਕਦੇ ? ਗਾਣਿਆਂ ਦੀਆਂ ਧੁਨਾਂ ਤਿਆਰ ਕਰਨ ਲਈ ਸਮਾਂ ਕੱਢ ਸਕਦੇ ਹਨ ਫਿਰ ਗੁਰਮਤਿ ਸੰਗੀਤ ਸਿਖਣ ਲਈ ਸਮਾਂ ਕਿਉ ਨਹੀ ? ਕੀਰਤਨ ਦੇ ਮਿਆਰ ਵਿੱਚ ਬਹੁਤ ਗਿਰਾਵਟ ਆ ਰਹੀ ਹੈ। ਗੁਰਮਤਿ ਸੰਗੀਤ ਦਾ ਅਨਮੋਲ ਖਜਾਨਾ ਸਾਨੂੰ ਵਿਰਸੇ ਵਿੱਚ ਮਿਲਿਆ ਹੈ ਪਰ ਅਸੀਂ ਇਸ ਦੀ ਸੰਭਾਲ ਲਈ ਵਿਸ਼ੇਸ ਯਤਨ ਨਹੀ ਕਰ ਰਹੇ ਅਸੀਂ ਗੁਰਮਤਿ ਸੰਗੀਤ ਆਧਾਰਤ ਕੀਰਤਨ ਕਲਾ ਪੱਖੋਂ ਗਰੀਬ ਹੋਈ ਜਾਂਦੇ ਹਾਂ।

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਨਿਰਧਾਰਤ ਰਾਗਾਂ ਵਿੱਚ ਹੀ ਕੀਰਤਨ ਕਰਨ ਦੀ ਪ੍ਰੰਪਰਾਗਤ ਕੀਤਰਨ ਸ਼ੈਲੀ ਦੀ ਮਰਿਯਾਦਾ ਪ੍ਰਚਾਰਨ ਵਿੱਚ ਹੋਰ ਸੇਧ ਦੀ ਲੋੜ ਹੈ। ਸਿੱਖ ਧਰਮ ਦੀ ਸਭ ਤੋਂ ਵੱਡੀ ਸਟੇਜ ਸ੍ਰੀ

ਦਰਬਾਰ ਸਾਹਿਬ ਜਿਸ ਦਾ ਸਿੱਧਾ ਪ੍ਰਸਾਰਨ ਦੇਸ਼ਾਂ ਵਿਦੇਸ਼ਾਂ ਵਿੱਚ ਹੁੰਦਾ ਹੈ। ਇਸ ਸਟੇਜ ਤੋਂ ਹੋਰ ਵਿਸ਼ੇਸ਼ ਯਤਨਾਂ ਦੀ ਲੋੜ ਹੈ। ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਲਈ ਗੁਰਮਤਿ ਸੰਗੀਤ ਦੀ ਪੁਰਾਤਨ ਚਲਦੀ ਆ ਰਹੀ ਮਰਿਆਦਾ ਨੂੰ ਸੁਰੱਖਿਅਤ ਨਹੀ ਕਰ ਪਾ ਰਹੇ। ਜੇ ਕਰ ਕੋਈ ਗੁਰਮਤਿ ਸੰਗੀਤ ਦਾ ਪ੍ਰੀਤਵਾਨ ਗੁਰਮਤਿ ਸੰਗੀਤ ਦਾ ਪ੍ਰਚਾਰ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਕੋਈ ਉਤਸ਼ਾਹ ਨਹੀ ਦਿੱਤਾ ਜਾਂਦਾ। ਪੁਰਤਾਨ ਰਾਗੀ ਸਿੰਘਾਂ ਦਾ ਕੀਰਤਨ ਸ੍ਰਵਣ ਕਰੀਏ ਉਹ ਲਾਈਟ ਅੰਗ ਨਾਲ ਵੀ ਗਾਉਦੇ ਸਨ ਪਰ ਰਾਗ ਦੇ ਸਰੂਪ ਅੰਦਰ ਰਹਿ ਕੇ ਹੀ ਰੀਤ ਦਾ ਗਾਇਨ ਕਰਦੇ ਸਨ। ਜਿਸ ਤਰਾਂ ਦਾ ਕੀਰਤਨ ਦਾ ਗਾਇਨ ਅੱਜ ਹੋ ਰਿਹਾ ਹੈ ਇਸ ਨੂੰ ਹੀ ਸਾਡੀ ਮੌਜੂਦਾ ਪੀੜ੍ਹੀ ਤੇ ਆਉਣ ਵਾਲੀ ਪੀੜ੍ਹੀਆਂ ਨੇ ਇਸ ਨੂੰ ਕੀਰਤਨ ਦੀ ਸ਼ੈਲੀ ਮੰਨਣ ਦੀ ਵੱਡੀ ਭੁਲ ਕਰ ਜਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨ ਜੀ ਨੇ ਬਾਣੀ ਦਰਜ ਕੀਤੀ ਹੈ। ਉਹ ਤਾਂ ਸਮੇਂ ਨਾਲ ਤਾਂ ਨਹੀ ਬਦਲੀ ਜਾ ਸਕਦੀ। ਸੰਗੀਤਕ ਪੱਖ ਤੋਂ ਸਮੇਂ ਦੇ ਪਰਿਵਰਤਨ ਨਾਲ ਭਾਵੇ ਕੁੱਝ ਕੁ ਤਬਦੀਲੀਆਂ ਆਉਦੀਆਂ ਹਨ ਪਰ ਮੁੱਢਲੇ ਸਿਧਾਂਤ ਤਾਂ ਕਾਇਮ ਹੀ ਰਹਿੰਦੇ ਹਨ। ਗੁਰੂ ਸਾਹਿਬ ਜੀ ਨੇ ਪਹਿਲਾਂ ਰਾਗ ਦਾ ਸਿਰਲੇਖ ਦਿੱਤਾ ਫਿਰ ਸ਼ਬਦ ਦਾ ਉਚਾਰਨ ਕੀਤਾ ਹੈ।

ਗੁਰਮਤਿ ਸੰਗੀਤ ਦੇ ਦੋ ਪੱਖ ਹਨ ਪਹਿਲਾ ਸ਼ਾਸਤਰ ਪਖ ਜਿਸ ਰਾਹੀਂ ਕਿਤਾਬਾਂ ਦਾ ਰੂਪ ਪ੍ਰਦਾਨ ਕਰਕੇ ਸੁਰਖਿਆ ਰਖਿਆ ਜਾ ਸਕਦਾ ਹੈ। ਦੂਜਾ ਕ੍ਰਿਆਤਮਕ ਪਖ ਨੂੰ ਗੁਰਮਤਿ ਸੰਗੀਤ ਦੇ ਸਾਧਕਾਂ ਦੁਆਰਾ ਹੀ ਸੁਰੱਖਿਅਤ ਕੀਤਾ ਜਾ ਸਕਦਾ ਹੈ। ਇਹ ਕਠਿਨ ਕਾਰਜ ਨੂੰ ਗੁਰੂ ਸ਼ਿਸ਼ ਦੀ ਪ੍ਰੰਪਰਾ ਹੀ ਖੋਰੇ ਤੋਂ ਬਚਾਅ ਸਕਦੀ ਹੈ, ਪਰ ਇਹ ਪਰੰਪਰਾ ਖਤਮ ਹੋ ਰਹੀ ਹੈ ਇਹ ਚਿੰਤਾ ਦਾ ਵਿਸ਼ਾ ਹੈ। ਗੁਰਮਤਿ ਸੰਗੀਤ ਦਾ ਗੂੜ੍ਹ ਗਿਆਨ ਸੂਝਵਾਨ ਸਖਸ਼ੀਆਤਾਂ ਦੇ ਮੁਖ ਤੋਂ ਸਮਝ ਕੇ ਉਸ ਦੀ ਸਾਧਨਾ ਕਰਕੇ ਹੀ ਜਾਣਿਆਂ ਜਾ ਸਕਦਾ ਹੈ। ਗੁਰਮਤਿ ਸੰਗੀਤ ਦੇ ਅਚਾਰੀਆਂ ਪ੍ਰੋ. ਕਰਤਾਰ ਸਿੰਘ ਜੀ ਨੈਸ਼ਨਲ ਅਵਾਰਡੀ ਡਾਇਰੈਕਟਰ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਅਜਿਹੀਆਂ ਸਖਸੀਅਤਾਂ ਤੋਂ ਲਾਹਾ ਲੈਣਾ ਬਹੁਤ ਹੀ ਜਰੂਰੀ ਹੈ।

ਅਸੀਂ ਤਾਂ ਮਨ ਲੋਭਾਨ ਲਈ ਕੀਰਤਨ ਕਰੀਂ ਜਾਂਦੇ ਹਾਂ ਨਾ ਕਿ ਆਤਮਿਕ ਅਨੰਦ ਲਈ ਇਹ ਜੋ ਕੁੱਝ ਵੀ ਹੋ ਰਿਹਾ ਹੈ। ਇਸ ਲਈ ਕੇਵਲ ਰਾਗੀ ਜਥੇ ਹੀ ਨਹੀ ਸਗੋਂ ਸੰਗਤਾਂ ਤੇ ਪ੍ਰਬੰਧਕ ਵੀ ਬਰਾਬਰ ਦੇ ਦੋਸ਼ੀ ਹਾਂ। ਅਸੀਂ ਉਹਨਾਂ ਰਾਗੀ ਜਥਿਆਂ ਨੂੰ ਉਤਸਾਹਿਤ ਕਰਨ ਲਈ ਵੱਡੀਆਂ ਵੱਡੀਆਂ ਸਟੇਜਾਂ ਬਣਾ ਕੇ ਸੰਗਤਾਂ ਦੇ ਕੰਨਾ ਵਿੱਚ ਫਿਲਮੀ ਧੁਨਾਂ ਵਾਲਾ ਕੀਰਤਨ ਸਣਾਉਦੇ ਪਏ ਹਾਂ। ਘਰਾਂ ਵਿੱਚ ਸਮਾਗਮਾਂ ਸਮੇਂ ਇਹਨਾਂ ਨੂੰ ਹੀ ਬਲਾਉਦੇ ਹਾਂ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਇਹ ਸ਼ਬਦ ਫਲਾਨੇ ਗਾਣੇ ਦੀ ਧੁਨ ਉਪਰ ਗਾਇਆ ਜਾ ਰਿਹਾ ਹੈ ਫਿਰ ਵੀ ਚੁਪ ਬੈਠੇ ਹਾਂ ਅਸੀਂ ਬਾਰਬਰ ਦੇ ਅਵੱਗਿਆ ਦੇ ਭਾਗੀਦਾਰ ਹਾਂ। ਕੀਰਤਨ ਦੌਰਾਨ ਅਸੀਂ ਪਰਚੀਆਂ ਲਿਖ ਲਿਖ ਕੇ ਵੱਖ-ਵੱਖ ਸ਼ਬਦਾਂ ਦੇ ਗਾਇਨ ਕਰਨ ਲਈ ਬੇਨਤੀਆਂ ਜਾਂ ਹੁਕਮ ਕਹਿ ਲਈਏ ਕਰਦੇ ਹਾਂ ਪਰ ਕਦੀ ਇਹ ਦੇਖਣ ਵਿੱਚ ਨਹੀ ਆਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿੱਚ ਕੀਰਤਨ ਸੁਨਣ ਲਈ ਕਿਸੇ ਨੇ ਲਿਖਿਆ ਜਾਂ ਕਿਹਾ ਹੋਵੇ।

ਅੱਜ ਲੋੜ ਹੈ ਗੁਰਬਾਣੀ ਨਿਰਧਾਰਤ ਰਾਗਾਂ ਵਿੱਚ ਕੀਰਤਨ ਦੇ ਪ੍ਰਚਾਰ ਵਿੱਚ ਸਿੱਖ ਬੁੱਧੀਜੀਵੀ ਆਪਣੀ ਕਲਮ ਨਾਲ, ਸੰਤ ਸਮਾਜ, ਸਭਾ ਸੁਸਾਇਟੀਆਂ, ਫੈਡਰੇਸ਼ਨਾਂ, ਯੂਥ ਕਲੱਬ ਤੇ ਹੋਰ ਧਾਰਮਿਕ ਜਥੇਬੰਦੀਆਂ ਜੇ ਕਰ ਇਕ ਇਕ ਇਹੋ ਜਿਹਾ ਰਾਗੀ ਜਥਾ ਤਿਆਰ ਕਰਨ ਦਾ ਸੰਕਲਪ ਕਰ ਲੈਣ ਤਾਂ ਹਜ਼ਾਰਾਂ ਹੀ ਜਥੇ ਤਿਆਰ ਹੋ ਸਕਦੇ ਹਨ। ਗੁਰੂ ਸਾਹਿਬ ਜੀ ਵਲੋਂ ਸਨਮਾਨਤ ਰਾਗਾਂ ਵਿੱਚ ਕੀਰਤਨ ਦਾ ਯਤਨ ਇਸ ਲਹਿਰ ਵਿੱਚ ਵਿਸ਼ੇਸ ਯੋਗਦਾਨ ਹੋਵੇਗਾ। ਗੁਰਬਾਣੀ ਕੀਰਤਨ ਸਿਖਲਾਈ ਦੇ ਅਨੇਕਾਂ ਹੀ ਅਦਾਰੇ ਚਲ ਰਹੇ ਹਨ ਇਹਨਾਂ ਅਦਾਰਿਆਂ ਦੇ ਪ੍ਰਬੰਧਕ ਇਕ ਹੀ ਟੀਚਾ ਰਖ ਲੈਣ ਗੁਰਬਾਣੀ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਪ੍ਰਬੰਧ ਅਨੁਸਾਰ ਵੱਧ ਤੋਂ ਵੱਧ ਗਿਆਨ ਕਰਵਾਉਣਾ ਹੀ ਹੈ ਇਸ ਨਾਲ ਗੁਰਮਤਿ ਸੰਗੀਤ ਦੇ ਰਾਗੀ, ਅਧਿਆਪਕ ਤੇ ਪ੍ਰਚਾਰਕ ਤਿਆਰ ਹੋ ਸਕਣਗੇ।

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥<br>
ਗਾਵਿਆ ਸੁਣਿਆ ਤਿੰਨ ਕਾ ਹਰਿ ਥਾਇ ਪਾਵੈ,<br>
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥

ਧੰਨ ਧੰਨ ਗੁਰੂ ਰਾਮਦਾਸ ਜੀ ਸਤਿਗੁਰ ਜੀ ਸਮਝਾਉਣਾ ਕਰਦੇ ਹਨ ਕਿ ਸੇਵਕ ਅਖਵਾਉਣ ਵਾਲੇ ਸਿੱਖ ਅਖਵਾਉਣ ਵਾਲੇ ਸਾਰੇ ਪ੍ਰਭੂ ਦਰ ਤੇ ਪਰਮਾਤਮਾ ਦੀ ਸਿਫਤ ਸਲਾਹ ਨਾਲ ਗੁਰਬਾਣੀ ਦਾ ਗਾਇਨ ਕਰਦੇ ਹਨ ਪਰ ਪਰਮਾਤਮਾ ਉਹਨਾਂ ਮਨੁਖਾਂ ਦੁਆਰਾ ਬਾਣੀ ਦਾ ਕੀਰਤਨ ਕਰਨਾ ਅਤੇ ਸੁਣਨਾ ਪਰਵਾਨ ਕਰਦੇ ਹਨ ਜਿਨਾਂ ਨੇ ਗੁਰੂ ਦੇ ਹੁਕਮ ਨੂੰ ਬਿਲਕੁਲ ਸਹੀ ਜਾਣ ਉਸ ਤੇ ਅਮਲ ਕੀਤਾ ਹੈ।

ਐਸਾ ਕੀਰਤਨੁ ਕਰ ਮਨ ਮੇਰੇ॥ ਈਹਾ ਊਹਾ ਜੋ ਕਾਮ ਤੇਰੈ॥

ਗੁਰਮਤਿ ਸੰਗੀਤ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ। ਮੋ: 087250-02015, 09988992565

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਗੁਰਮਤਿ ਸੰਗੀਤ ਰਚਨਾਕਾਰ ਡਾ. ਜਾਗੀਰ ਸਿੰਘ

## ਡਾ. ਗੁਰਨਾਮ ਸਿੰਘ

ਡਾ. ਜਾਗੀਰ ਸਿੰਘ ਗੁਰਮਤਿ ਸੰਗੀਤ ਦੇ ਖੇਤਰ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਕਾਰਜਸ਼ੀਲ ਨਾਮਵਰ ਸ਼ਖਸੀਅਤ ਹਨ। ਆਪ ਨੇ ਆਪਣੀਆਂ ਖੋਜ ਭਰਪੂਰ ਲਿਖਤਾਂ, ਕੀਰਤਨ ਦੀਆਂ ਵਿਸ਼ੇਸ਼ ਆਡੀਓ ਰਿਕਾਰਡਿੰਗਜ਼ ਅਤੇ ਵਿਵਹਾਰਕ ਰੂਪ ਵਿਚ ਕੀਰਤਨ ਦੀ ਨਿਰੰਤਰ ਸੇਵਾ ਦੁਆਰਾ ਅੰਤਰਰਾਸ਼ਟਰੀ ਪੱਧਰ 'ਤੇ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ।

ਡਾ. ਜਾਗੀਰ ਸਿੰਘ ਨੇ ਸੰਗੀਤ ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਵਿਰਾਸਤ ਵਿਚੋਂ ਪ੍ਰਾਪਤ ਹੋਈ। ਆਪ ਨੇ ਸ਼ਬਦ ਕੀਰਤਨ ਦੀ ਸਿਖਲਾਈ ਆਪਣੇ ਪਿਤਾ ਸ਼੍ਰੋਮਣੀ ਰਾਗੀ ਭਾਈ ਉੱਤਮ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ ਅਤੇ ਭਾਈ ਬਖਸ਼ੀਸ਼ ਸਿੰਘ ਜੀ ਨਾਲ ਤਿੰਨ ਸਾਲ ਬਤੌਰ ਸਹਾਇਕ ਰਾਗੀ ਕੀਰਤਨ ਕਰਦਿਆਂ ਵੀ ਕਾਫੀ ਕੁਝ ਸਿੱਖਿਆ। ਇਹਨਾਂ ਤੋਂ ਇਲਾਵਾ ਆਪ ਨੇ ਸ਼ਾਸਤਰੀ ਸੰਗੀਤ ਦੀ ਸਿੱਖਿਆ ਆਗਰਾ ਘਰਾਣੇ ਦੇ ਪ੍ਰਸਿੱਧ ਗਾਇਕ ਪੰਡਤ ਯਸ਼ਪਾਲ ਜੀ ਪਾਸੋਂ ਪ੍ਰਾਪਤ ਕੀਤੀ। ਆਪ ਨੇ ਪੰਜਾਬੀ, ਸੰਗੀਤ ਅਤੇ ਧਰਮ ਅਧਿਐਨ ਵਿਚ ਐੱਮ. ਏ. ਕਰਨ ਤੋਂ ਇਲਾਵਾ 'ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦੇ ਅੰਤਰ ਸੰਬੰਧ' ਵਿਸ਼ੇ ਉੱਤੇ ਪੀਐੱਚ.ਡੀ. ਕਰਕੇ ਗੁਰਬਾਣੀ ਅਤੇ ਸੰਗੀਤ ਦਾ ਆਪਸੀ ਗਹਿਰੇ ਰਿਸ਼ਤੇ ਨੂੰ ਗੁਰਮਤਿ ਸੰਗੀਤ ਵੱਲੋਂ ਸਮਝਣ ਦਾ ਰਾਹ ਆਸਾਨ ਕੀਤਾ। ਉੱਚ ਵਿੱਦਿਆ ਪ੍ਰਾਪਤ ਹੋਣ ਦੇ ਨਾਤੇ ਆਪ ਗੁਰੂ ਘਰ ਦੇ ਕੀਰਤਨੀਆਂ ਲਈ ਇਕ ਆਦਰਸ਼ ਵਜੋਂ ਉਜਾਗਰ ਹੋਏ। ਆਪ ਨੇ ਆਪਣੀ ਅਕਾਦਮਿਕ ਸੇਵਾ ਦਾ ਆਰੰਭ ਗੋਬਿੰਦ ਕਾਲਜ, ਚੰਡੀਗੜ੍ਹ ਤੋਂ ਬਤੌਰ ਲੈਕਚਰਾਰ ਕੀਤਾ ਅਤੇ ਆਪ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਡਿਪਟੀ ਡਾਇਰੈਕਟਰ ਵਜੋਂ ਵੀ ਕਾਰਜਸ਼ੀਲ ਰਹੇ ਹਨ।

ਗੁਰਮਤਿ ਸੰਗੀਤ ਦੇ ਖੇਤਰ ਵਿਚ ਡਾ. ਜਾਗੀਰ ਸਿੰਘ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਆਪ ਨੂੰ 2003 ਵਿਚ ਸੰਗੀਤ ਨਾਟਕ ਅਕੈਡਮੀ, ਦਿੱਲੀ ਵੱਲੋਂ ਨੈਸ਼ਨਲ ਐਵਾਰਡ ਰਾਸ਼ਟਰਪਤੀ ਦੁਆਰਾ ਐਵਾਰਡ ਅਤੇ ਹੋਰ ਅਨੇਕ ਮਾਣ-ਸਨਮਾਣ ਪ੍ਰਾਪਤ ਹੋਏ ਹਨ, ਜਿਹਨਾਂ ਵਿਚ 1989 ਵਿਚ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ ਅਤੇ 2002 ਵਿਚ ਜਵੱਦੀ ਟਕਸਾਲ, ਲੁਧਿਆਣਾ ਵੱਲੋਂ ਗੁਰਮਤਿ ਸੰਗੀਤ ਆਦਿ ਵਿਸ਼ੇਸ਼ ਹਨ।

ਉਕਤ ਪ੍ਰਾਪਤੀਆਂ ਤੋਂ ਇਲਾਵਾ ਡਾ. ਜਾਗੀਰ ਸਿੰਘ ਇਕ ਪ੍ਰਬੁੱਧ ਗੁਰਮਤਿ ਸੰਗੀਤ ਸ਼ਬਦ

ਕੀਰਤਨ ਰਚਨਾਕਾਰ ਹਨ। ਕੀਰਤਨ ਦੇ ਰੂਪ ਵਿਚ ਆਪ ਦੀਆਂ ਵਿਸ਼ੇਸ਼ ਰਿਕਾਰਡਿੰਗਜ਼ ਤਾਂ ਸੰਗੀਤ ਜਗਤ ਵਿਚ ਮੌਜੂਦ ਹਨ ਹੀ, ਆਪ ਨੇ ਪੁਸਤਕ 'ਫ਼ਰੀਦ ਬਾਣੀ ਸੰਗੀਤਕ ਪਰਿਪੇਖ' ਵਿਚ ਰਾਗ ਆਸਾ, ਸੂਹੀ, ਸੂਹੀ ਲਲਿਤ, ਚੰਦਰ ਕੌਂਸ, ਮਲਾਰ, ਬੈਰਾਗੀ, ਸਾਰੰਗ, ਕਲਿਆਣਾ, ਸੋਰਠਿ, ਮਾਲਕੌਂਸ, ਤੁਖਾਰੀ, ਤਿਲੰਗ, ਕੀਰਵਾਨੀ ਰਾਗਾਂ ਵਿਚ ਫਰੀਦ ਜੀ ਦੀ ਬਾਣੀ ਨੂੰ ਸੁਰਲਿਪੀਬੱਧ ਕੀਤਾ ਹੈ ਜਿਹੜਾ ਇਸ ਦਿਸ਼ਾ ਵਿਚ ਨਿਵੇਕਲਾ ਕਾਰਜ ਹੈ। ਇਸ ਤਰ੍ਹਾਂ ਆਪ ਨੇ ਗੁਰਮਤਿ ਸੰਗੀਤ ਤੇ ਭਾਰਤੀ ਸੰਗੀਤ ਦੇ ਰਾਗਾਤਮਕ ਧਰਾਤਲ ਵਿਚ ਫਰੀਦ ਬਾਣੀ ਦੇ ਸੰਗੀਤਕ ਪਰਿਪੇਖ ਨੂੰ ਪਛਾਣਨ ਤੇ ਪੁਨਰ-ਪ੍ਰਤੱਖ ਕਰਨ ਦੀ ਕੋਸ਼ਿਸ਼ ਕੀਤੀ ਹੈ। ਰਹਾਉ, ਅੰਕ ਅਤੇ ਸ਼ਬਦ ਕੀਰਤਨ ਸ਼ੈਲੀ ਦੀ ਪਾਲਣਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਧਾਰਤ ਪਰੰਪਰਾ ਦੀਆਂ ਅਨੁਸਾਰੀ ਵੀ ਹਨ। ਇਹਨਾਂ ਵਿਚ ਸ਼ਬਦ ਕੀਰਤਨ ਰੰਗ ਨੂੰ ਕਾਇਮ ਰੱਖਣ ਦਾ ਪੂਰਨ ਯਤਨ ਕੀਤਾ ਗਿਆ ਹੈ।

ਡਾ. ਜਾਗੀਰ ਸਿੰਘ 'ਅੰਮ੍ਰਿਤ ਕੀਰਤਨ ਟਰੱਸਟ' ਦੇ ਚੇਅਮੈਨ ਵਜੋਂ ਗੁਰਮਤਿ ਸੰਗੀਤ ਤੇ ਸੰਗੀਤ ਦੀ ਨਿਰੰਤਰ ਸੇਵਾ ਕਰ ਰਹੇ ਹਨ। ਸੰਨ 1989 ਤੋਂ ਮਾਸਕ ਪੱਤ੍ਰਿਕਾ 'ਅੰਮ੍ਰਿਤ ਕੀਰਤਨ' ਦਾ ਬਤੌਰ ਸੰਪਾਦਕ ਨਿਰੰਤਰ ਪ੍ਰਕਾਸ਼ਨ, ਇਸ ਖੇਤਰ ਵਿਚ ਆਪ ਦੀ ਵਿਸ਼ੇਸ਼ ਪ੍ਰਤੀਬੱਧਤਾ ਦਾ ਪ੍ਰਤੱਖ ਪ੍ਰਮਾਣ ਹੈ, ਜਿਸ ਵਿਚ ਆਪ ਜੀ ਦੀਆਂ ਗੁਰਮਤਿ ਸੰਗੀਤ ਸ਼ਬਦ ਕੀਰਤਨ ਰਚਨਾਵਾਂ ਪ੍ਰਕਾਸ਼ਤ ਹੁੰਦੀਆਂ ਹਨ।

ਡਾ. ਜਾਗੀਰ ਸਿੰਘ ਗੁਰਮਤਿ ਸੰਗੀਤ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਵਜੋਂ ਸੇਵਾ ਨਿਵਰਿਤ ਹੋਏ ਹਨ। ਪੰਜਾਬੀ ਯੂਨੀਵਰਸਿਟੀ ਵੱਲੋਂ ਆਪ ਨੂੰ 2012-13 ਲਈ ਫੈਲੋਸ਼ਿਪ ਪ੍ਰਦਾਨ ਕੀਤੀ ਗਈ। ਆਪ ਦੀਆਂ ਸ਼ਬਦ ਕੀਰਤਨ ਰਚਨਾਵਾਂ ਪੰਜਾਬੀ ਯੂਨੀਵਰਸਿਟੀ ਵਿਚ ਸਥਾਪਿਤ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਦੀ ਵੈਬਸਾਈਟ www.gurmatsangeetlibrary.com ਦਾ ਹਿੱਸਾ ਹਨ। ਆਪ ਕੋਲੋਂ ਭਵਿੱਖ ਵਿਚ ਅਸੀਂ ਹੋਰ ਗੁਰਮਤਿ ਸੰਗੀਤ ਸ਼ਬਦ ਕੀਰਤਨ ਰਚਨਾਵਾਂ ਦੀ ਆਸ ਕਰਦੇ ਹਾਂ। ਇਹਨਾਂ ਸਤਰਾਂ ਦੇ ਲੇਖਕ ਨੂੰ ਡਾ. ਜਾਗੀਰ ਸਿੰਘ ਜੀ ਦਾ ਨਿੱਕਾ ਭਰਾ ਹੋਣ ਦਾ ਮਾਣ ਪ੍ਰਾਪਤ ਹੈ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਰੋਜ਼ਾਨਾ ਅਜੀਤ ਵਿਚੋਂ ਧੰਨਵਾਦ ਸਹਿਤ)

**IF YOU WANT TO DONATE**

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਸੁਰ ਲਿਪੀ – ਰਾਗ ਜੈਤਸਰੀ

**ਮਾਸਟਰ ਨਿਹਾਲ ਸਿੰਘ**

ਜਾਤੀ : ਔਡਵ ਸੰਪੂਰਨ॥ ਵਰਜਿਤ ਆਰੋਹ ਵਿਚ ਰ, ਧ
ਠਾਟ : ਪੂਰਵੀ : ਵਾਦੀ : ਗੰਧਾਰ : ਸੰਵਾਦੀ, ਨਿਸ਼ਾਦ ਸਮਾਂ : ਸ਼ਾਮ
ਆਰੋਹ : ਨ. ਸ, ਗਪ, ਮ' ਧੁ ਪ, ਨ ਸਂ ॥
ਅਵਰੋਹ : ਸਂ ਨ ਧੁ ਪ, ਮ' ਗ, ਮ' ਗ, ਰੁ ਸ॥
ਮੁੱਖ ਅੰਗ : ਨ਼ ਸ ਗ ਪ, ਮ' ਧੁ ਪ, ਮ'ਗ, ਮ'ਗ, ਰੁ ਸ॥

**ਰਾਗ ਜੈਤਸਰੀ** — **ਦਾਦਰਾ ਤਾਲ**

| × | | | 0 | | | × | | | 0 | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| **ਸਥਾਈ:** | | | | | | | | | | | |
| ਪ | ਪ | ਪ | ਪ | – | ਪ | ਪ | ਮ' | ਧੁ | ਪ | – | – |
| ਨਾ | ਥ | ਕ | ਛੂਅ | ਅ | ਨ | ਜਾ | s | s | ਨਉ | s | s |
| ਮ' | ਮ' | ਪ | ਮ' | ਗ | – | ਮ' | ਗ | ਰੁ | ਸ | ਸ | – |
| ਮ | ਨੁ | ਮਾ | ਇਆ | ਕੋ | s | ਹਾ | ਖਿ | ਬਿ | ਕਾ | ਕਉ | s |
| ਪ | ਪ | ਪ | ਨ | ਨ | ਨ | ਸਂ | ਸਂ | ਸਂ | ‿ਨ ਰੁਂ‿ | ਸਂ | – |
| ਤੁਮ | ਕ | ਹੀ | ਅਤ | ਹੋ | ਜ | ਗਤ | ਗੁ | ਰ | ਸੁਆ | ਮੀ | ਤ |
| ਨ | ਨ | ਸਂ | ਨ | ਧੁ | ਪ | ‿ਗਮ'‿ | ਪ | ਨ | ਧੁ | ਪ | – |
| ਹਮ | ਕ | ਹੀ | ਅਤ | ਕ | ਲਿ | ਜੁਗ | ਕੇ | s | ਕਾ | ਮੀ | s |


Form IV Statement of Ownership (See Rule 9)

| | | |
|---|---|---|
| Place | : | 422, Sector 15-A, Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Sd/
Dr. Jagir Singh, Publisher

Date: February 28, 2013

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੭੧੦

ਜੈਤਸਰੀ ਬਾਣੀ ਭਗਤਾ ਕੀ
Jaitsree, The Word Of The Devotees:

ੴ ਸਤਿਗੁਰ ਪ੍ਰਸਾਦਿ ॥
One Universal Creator God. By The Grace Of The True Guru:

ਨਾਥ ਕਛੂਅ ਨ ਜਾਨਉ ॥
O my Lord and Master, I know nothing.

ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
My mind has sold out, and is in Maya's hands. ||1||Pause||

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
You are called the Lord and Master, the Guru of the World.

ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
I am called a lustful being of the Dark Age of Kali Yuga. ||1||

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
The five vices have corrupted my mind.

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
Moment by moment, they lead me further away from the Lord. ||2||

ਜਤ ਦੇਖਉ ਤਤ ਦੁਖ ਕੀ ਰਾਸੀ ॥
Wherever I look, I see loads of pain and suffering.

ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥
I do not have faith, even though the Vedas bear witness to the Lord. ||3||

ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ ॥੪॥
Shiva cut off Brahma's head, and Gautam's wife and the Lord Indra mated; Brahma's head got stuck to Shiva's hand, and Indra came to bear the marks of a thousand female organs. ||4||

ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
These demons have fooled, bound and destroyed me.

ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
I am very shameless - even now, I am not tired of them. ||5||

ਕਹਿ ਰਵਿਦਾਸ ਕਹਾ ਕੈਸੇ ਕੀਜੈ ॥
Says Ravi Daas, what am I to do now?

ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥

# ਪੰਜਾਬ ਸੰਗੀਤ ਰਤਨ ਐਵਾਰਡ

## ਉਸਤਾਦ ਲਛਮਣ ਸਿੰਘ ਸੀਨ



ਪੰਜਾਬ ਦੀ ਸੰਗੀਤ ਪਰੰਪਰਾ ਦੇ ਪ੍ਰਤਿਨਿਧ ਹਸਤਾਖਰ ਉਸਤਾਦ ਲਛਮਣ ਸਿੰਘ ਸੀਨ ਪਿਛਲੇ ਛੇ ਦਹਾਕਿਆਂ ਤੋਂ ਸੰਗੀਤ ਸਾਧਨਾ ਦੁਆਰਾ ਸੰਗੀਤ ਜਗਤ ਵਿਚ ਬਤੌਰ ਸ਼ਾਸਤਰੀ ਸੰਗੀਤਕਾਰ ਅਤੇ ਸੰਗੀਤ ਅਧਿਆਪਕ ਕਾਰਜਸ਼ੀਲ ਹਨ। **ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦੇ 'ਏ' ਗ੍ਰੇਡ ਕਲਾਕਾਰ**, ਪੰਜਾਬ ਘਰਾਣੇ ਦੇ ਇਸ ਉਸਤਾਦ ਤਬਲਾ ਨਵਾਜ਼ ਨੇ ਉਸਤਾਦ ਕਾਦਰ ਬਖ਼ਸ਼ ਸਾਹਿਬ ਤੋਂ ਤਬਲਾ ਵਾਦਨ ਅਤੇ ਸ੍ਰੀ ਜੀਆ ਲਾਲ ਵਸੰਤ (ਲਾਹੌਰ) ਤੋਂ ਸਿਤਾਰ ਵਾਦਨ ਦੀ ਸਿਖਿਆ ਪ੍ਰਾਪਤ ਕਰਨ ਉਪਰੰਤ ਆਪ ਨੇ 25 ਸਾਲ ਐਚ.ਐਮ.ਵੀ. ਕਾਲਜ, ਜਲੰਧਰ ਵਿਖੇ ਬਤੌਰ ਮੁੱਖੀ, ਸੰਗੀਤ ਵਿਭਾਗ ਸੇਵਾ ਨਿਭਾਈ।

ਉਸਤਾਦ ਲਛਮਣ ਸਿੰਘ ਸੀਨ ਦੇ ਪਰਿਵਾਰ ਵਿਚ ਮਨੂ ਕੁਮਾਰ ਸੀਨ, ਕਿੰਨਰ ਕੁਮਾਰ ਸੀਨ ਜਿਥੇ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਹਨ, ਉਥੇ ਆਪਣੇ ਪਰਮ ਸ਼ਿਸ਼ ਪੰਡਤ ਹਰਿਵੰਸ਼ ਲਾਲ ਸ਼ਰਮਾ, ਸ੍ਰੀ ਕਾਲੇ ਰਾਮ, ਸ੍ਰੀ ਸੁਸ਼ੀਲ ਕੁਮਾਰ ਜੈਨ, ਸਵਰਗੀ ਪਵਨ ਕੁਮਾਰ ਵਰਮਾ, ਡਾ. ਕੰਵਲਜੀਤ ਸਿੰਘ ਤੋਂ ਇਲਾਵਾ ਇਕ ਵਿਸ਼ਾਲ ਸ਼ਿਸ਼ ਮੰਡਲ ਤਬਲਾ ਅਤੇ ਸਿਤਾਰ ਵਾਦਨ ਦੇ ਖੇਤਰ ਵਿਚ ਕਾਰਜਸ਼ੀਲ ਹੈ। ਤਬਲਾ ਵਾਦਨ ਦੇ ਪੰਜਾਬ ਘਰਾਣੇ ਦੇ ਵਾਦਨ ਵਿਚ ਆਪ ਜੀ ਨੂੰ ਵਿਸ਼ੇਸ਼ਗਤਾ ਪ੍ਰਾਪਤ ਹੈ। ਆਪ ਨੂੰ ਦੇਸ਼ ਵਿਦੇਸ਼ ਦੀਆਂ ਅਨੇਕ ਸੰਸਥਾਵਾਂ ਨੇ ਮਾਨ ਸਨਮਾਨ ਦਿਤੇ ਹਨ ਜਿਨ੍ਹਾਂ ਵਿਚ **ਸੰਗੀਤ ਨਾਟਕ ਅਕੈਡਮੀ ਐਵਾਰਡ, 2009; ਪੰਜਾਬ ਸੰਗੀਤ ਅਕੈਡਮੀ ਐਵਾਰਡ, 2001; ਸਟੇਟ ਐਵਾਰਡ, 2010, ਰਾਸ਼ਟਰਪਤੀ ਐਵਾਰਡ, 2010; ਮੀਆਂ ਕਾਦਰ ਬਖ਼ਸ਼ ਖਾਂ ਸਾਹਿਬ ਐਵਾਰਡ (ਪਾਕਿਸਤਾਨ), 2012; ਸ੍ਰੀ ਬਾਬਾ ਹਰਿਵਲੱਭ ਸੰਗੀਤ ਮਹਾਸਭਾ ਵਲੋਂ ਲਾਈਫ ਟਾਈਮ ਐਚੀਵਮੈਂਟ ਐਵਾਰਡ, 2006, ਵਿਰਾਸਤ ਫਾਊਂਡੇਸ਼ਨ ਅਮਰੀਕਾ ਵਲੋਂ ਉਸਤਾਦ ਸੰਗੀਤਕਾਰ ਐਵਾਰਡ, 2002** ਪ੍ਰਮੁੱਖ ਹਨ।

ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ **ਪੰਜਵੇਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ** ਦੇ ਸ਼ੁਭ ਅਵਸਰ 'ਤੇ ਪੰਜਾਬ ਦੀ ਸੰਗੀਤ ਪਰੰਪਰਾ ਪ੍ਰਤੀ ਵਿਸ਼ੇਸ਼ ਸੇਵਾਵਾਂ ਲਈ ਉਸਤਾਦ ਲਛਮਣ ਸਿੰਘ ਸੀਨ ਨੂੰ ਸਾਲ 2013 ਲਈ **ਪੰਜਾਬ ਸੰਗੀਤ ਰਤਨ ਐਵਾਰਡ** ਪ੍ਰਦਾਨ ਕਰਨ ਦਾ ਮਾਣ ਲੈ ਰਹੇ ਹਾਂ।

| | |
|---|---|
| **ਡਾ. ਗੁਰਨਾਮ ਸਿੰਘ** | **ਡਾ. ਜਸਪਾਲ ਸਿੰਘ** |
| ਬਾਨੀ ਪ੍ਰੋਫੈਸਰ ਤੇ ਮੁਖੀ | ਵਾਈਸ ਚਾਂਸਲਰ |
| ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

ਮਿਤੀ : 18 ਮਾਰਚ, 2013

Postal Regd. No. G/CHD/0045/2012-14 RNI Regd. No. 46788/89 ISSN 0972-2335

